Vide R.N.I. No. Pun-Pun 2002/8323 ASR/0001/2018/20

ੴ ਸਤਿਗੁਰ ਪ੍ਰਸਾਦਿ ॥

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਧੰਨ ਧੰਨ ਮਾਤਾ ਕੌਲਾਂ ਜੀ

ਭੇਟਾ: 20/-

# ਸਿਫਤਿ ਸਾਲਾਹ

ਅੰਕ: 125

D.O.P. 10 Nov. 2018

ਨਿਰੋਲ ਧਾਰਮਿਕ ਪੱਤ੍ਰਿਕਾ



ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ

# 11ਵਾਂ ਮਹਾਨ ਗੁਰਮਤਿ ਸਮਾਗਮ ਅੰਤਰਯਾਮੀ ਕਲੌਨੀ, ਸ੍ਰੀ ਅੰਮ੍ਰਿਤਸਰ

ਸਤਿਗੁਰੂ ਜੀ ਦੀ ਅਪਾਰ ਕਿਰਪਾ ਸਦਕਾ ਧੰਨ ਧੰਨ ਬਾਬਾ ਦੀਪ ਸਿੰਘ ਜੀ ਚੈਰੀਟੇਬਲ ਸੁਸਾਇਟੀ (ਰਜ਼ਿ) ਨਿਊ ਅੰਤਰਯਾਮੀ ਕਲੌਨੀ, ਸ੍ਰੀ ਅੰਮ੍ਰਿਤਸਰ ਵੱਲੋਂ 24-09-2017 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠਾਂ ਦੀ ਲਹਿਰ ਚਲਾਈ ਗਈ। ਇਸ ਲਹਿਰ ਵਿਚ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਨੇੜੇ ਵੱਖ-ਵੱਖ ਪਿੰਡਾਂ, ਨਗਰਾਂ, ਸ਼ਹਿਰਾਂ ਵਿੱਚ ਜਾ ਕੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠਾਂ ਦੇ ਪ੍ਰਵਾਹ ਅਰੰਭ ਕਰਵਾਏ ਗਏ ਅਤੇ 9 ਸਤੰਬਰ 2018 ਨੂੰ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ 1315 ਸਹਿਜ ਪਾਠਾਂ ਦੇ ਭੋਗ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਾਏ ਗਏ। ਸਹਿਜ ਪਾਠਾਂ ਦੀ ਲਹਿਰ ਵਿਚ ਹਾਜਰੀ ਲਗਾਉਣ ਵਾਲੀਆਂ ਸਮੂੰਹ ਸੰਗਤਾਂ ਨੂੰ ਪਿਆਰ ਰੂਪੀ ਇਨਾਮ ਦਿੱਤੇ ਗਏ ਤੇ 15 ਸਤੰਬਰ ਨੂੰ ਕੀਰਤਨ ਦਰਬਾਰ ਦੌਰਾਨ 13 ਵੱਡੇ ਇਨਾਮਾਂ ਦਾ ਡਰਾਅ ਕੱਢਿਆ ਗਿਆ ਤਾਂ ਜੋ ਹਰ ਬੱਚੇ ਦਾ ਉਤਸ਼ਾਹ ਵੱਧ ਸਕੇ, ਘਰ-ਘਰ ਬੱਚਾ ਗੁਰਬਾਣੀ ਨਾਲ ਜੁੜ ਜਾਵੇ। ਇਸ ਸਮਾਗਮ ਵਿਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਅਤੇ ਹੋਰ ਕੀਰਤਨੀਆਂ ਨੇ ਹਾਜ਼ਰੀਆਂ ਭਰੀਆਂ।














1. ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਹਿਜ ਪਾਠਾਂ ਦੇ ਭੋਗ ਪਾਉਂਦੀਆਂ ਹੋਈਆਂ ਸੰਗਤਾਂ ਅਤੇ ਭਾਈ ਸਾਹਿਬ ਜੀ। 2. ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਸਹਿਜ ਪਾਠਾਂ ਦੇ ਭੋਗ ਦੀ ਅਰਦਾਸ ਕਰਦੇ ਹੋਏ। 3. ਧੰਨ ਧੰਨ ਬਾਬਾ ਦੀਪ ਸਿੰਘ ਜੀ ਫ੍ਰੀ ਸੰਗੀਤ ਅਕੈਡਮੀ (ਰਜ਼ਿ) ਅੰਤਰਯਾਮੀ ਕਲੌਨੀ ਦੇ ਬੱਚੇ-ਬੱਚੀਆਂ ਕੀਰਤਨ ਕਰਦੇ ਹੋਏ। 4. ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਕੀਰਤਨ ਦੀ ਵਰਖਾ ਕਰਦੇ ਹੋਏ, 5. ਸੰਗਤਾਂ ਕੀਰਤਨ ਦਾ ਅਨੰਦ ਮਾਣ ਰਹੀਆਂ । 6. ਧੰਨ ਧੰਨ ਬਾਬਾ ਦੀਪ ਸਿੰਘ ਜੀ ਚੈਰੀਟੇਬਲ ਸੁਸਾਇਟੀ ਦੇ ਸਮੂੰਹ ਵੀਰ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ, ਭਾਈ ਸਤਨਾਮ ਸਿੰਘ ਜੀ ਬੱਚਿਆਂ ਨੂੰ ਵੱਡੇ ਇਨਾਮ ਵੰਡਦੇ ਹੋਏ।

Asr. G.P.O.No. PB0001/ 2018-20

ੴ ਸਤਿਗੁਰ ਪ੍ਰਸਾਦਿ।।

ਅੰਕ-125ਵਾਂ (2018)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ, ਭਾਈ ਜਸਵਿੰਦਰ ਸਿੰਘ (ਪਟਿਆਲਾ)
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ, ਸ. ਕੰਵਲਜੀਤ ਸਿੰਘ, ਦਿੱਲੀ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.) ਸ੍ਰੀ ਅੰਮ੍ਰਿਤਸਰ।

**ਕੰਪਿਊਟਰ**
ਸਿਫਤਿ ਸਾਲਾਹ ਦਫਤਰ, ਫੋਨ : 0183-2483920 (Ext. 207)

## ਤਤਕਰਾ

| | |
|---|---|
| ਸੰਪਾਦਕੀ | 4 |
| ਨਵਾਂ ਪ੍ਰਕਰਨ- ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਪਹਿਲਾ ਭਾਗ-ਬੀਬੀ ਵੀਰੋ ਜੀ | 5 |
| ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ | 15 |
| ਜ਼ਿੰਦਗੀ ਦੀਆਂ ਬਰੀਕੀਆਂ | 18 |
| ਅਧਿਆਤਮਿਕ ਵਿਚਾਰਾਂ | 23 |
| ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ | 24 |
| ਬਾਬਾ ਬਿਧੀ ਚੰਦ ਜੀ ਨੇ ਕਿਹੜੀਆਂ ਚਾਰ ਦਾਤਾਂ ਛੇਵੇਂ ਪਾਤਸ਼ਾਹ ਜੀ ਤੋਂ ਮੰਗੀਆਂ | 27 |
| ਘਰ ਬੈਠੇ ਕੀਰਤਨ ਸਿੱਖੋ | 33 |
| ਜੀਵਨ ਇਲਾਹੀ ਜੋਤ ਧੰਨ ਧੰਨ ਬਾਬਾ ਨੰਦ ਸਿੰਘ ਜੀ | 34 |
| 550 ਸਾਲ ਗੁਰੂ ਨਾਨਕ ਜੀ ਦੀ ਬਾਣੀ ਨਾਲ | 36 |
| ਪਰਖ ਤੇ ਪ੍ਰਪੱਕਤਾ | 37 |
| ਅਨਮੋਲ ਬਚਨ | 38 |
| ज़िंदगी की बारीकियां | 39 |
| ਗੁਰੁ ਮਾਨਿਓ ਗ੍ਰੰਥ | 44 |
| पूरा गुरु लंघावे पार कच्चा डोबे अध विचकार | 49 |
| How He Became Baba Budha Sahib Ji from Burra Ji | 53 |
| Guru Ramdas Ji- An Ascetic King | 57 |
| Greatness of Prayer | 61 |

**ਚੰਦਾ**

| | |
|---|---|
| ਸਲਾਨਾ ਚੰਦਾ (ਦੇਸ਼) | 100 ਰੁ. |
| ਸਲਾਨਾ ਚੰਦਾ (ਵਿਦੇਸ਼) | 800 ਰੁ. |
| 2 ਸਾਲ ਲਈ (ਦੇਸ਼) | 200 ਰੁ. |
| 2 ਸਾਲ ਲਈ (ਵਿਦੇਸ਼) | 1600 ਰੁ. |
| 5 ਸਾਲ ਲਈ (ਦੇਸ਼) | 400 ਰੁ. |
| 5 ਸਾਲ ਲਈ (ਵਿਦੇਸ਼) | 3200 ਰੁ. |
| ਲਾਈਫ ਮੈਂਬਰਸ਼ਿਪ (ਦੇਸ਼) | 1600 ਰੁ. |
| ਲਾਈਫ ਮੈਂਬਰਸ਼ਿਪ (ਵਿਦੇਸ਼) | 12800 ਰੁ. |

**ਨੋਟ**

ਸਿਫਤਿ ਸਾਲਾਹ ਵਿਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਹਨਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
ਸੰਪਾਦਕ

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ-
ਸਿਫਤਿ ਸਾਲਾਹ
ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006
ਫੋਨ : 98765-25850

# ਸੰਪਾਦਕੀ

ਗੁਰੂ ਸਵਾਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸਮਾਂ ਬੜਾ ਤੇਜ਼ੀ ਨਾਲ ਬਦਲ ਰਿਹਾ ਹੈ। ਸੰਚਾਰ ਦੇ ਸਾਧਨਾਂ ਵਿੱਚ ਵੱਡੇ ਪੱਧਰ ਤੇ ਆਈ ਕ੍ਰਾਂਤੀ ਨੇ ਇਨਸਾਨ ਨੂੰ ਇੱਕ ਮੋਬਾਇਲ ਫੋਨ ਤੱਕ ਹੀ ਸੀਮਤ ਕਰ ਕੇ ਰੱਖ ਦਿੱਤਾ ਹੈ। ਅੱਜ ਦਾ ਇਨਸਾਨ ਪਰਿਵਾਰ ਵਿੱਚ ਰਹਿੰਦਾ ਹੋਇਆ ਵੀ ਪਰਿਵਾਰ ਤੋਂ ਵਿਛੜਿਆ ਹੋਇਆ ਹੈ। ਸਮਾਜ ਵਿੱਚ ਰਹਿੰਦਾ ਹੋਇਆ ਵੀ ਸਮਾਜਿਕ ਤੇ ਪਰਿਵਾਰਿਕ ਜ਼ਿੰਮੇਵਾਰੀਆਂ ਨੂੰ ਨਿਭਾਉਣ ਤੋਂ ਬੇਫਿਕਰ ਜਿਹਾ ਹੋ ਗਿਆ ਹੈ ਤੇ ਇਸ ਕ੍ਰਾਂਤੀ ਦੇ ਪਸਾਰੇ ਦੀ ਜਕੜ ਵਿੱਚ ਧਾਰਮਿਕ ਖੇਤਰ ਵੀ ਪਿੱਛੇ ਨਹੀਂ ਰਿਹਾ। ਖੋਜ ਕੋਈ ਵੀ ਮਾੜੀ ਨਹੀਂ ਹੁੰਦੀ। ਉਸ ਦੇ ਵਰਤਣ ਦਾ ਤਰੀਕਾ, ਉਸ ਨੂੰ ਅਮਲ ਵਿੱਚ ਲਿਆਉਣ ਦਾ ਅੰਦਾਜ਼, ਉਸ ਦੀ ਵਰਤੋਂ ਕਰਨ ਦਾ ਸਲੀਕਾ ਇਨਸਾਨੀ ਮਨ ਤੇ ਗਲਤ ਜਾਂ ਚੰਗਾ ਪ੍ਰਭਾਵ ਛੱਡਦਾ ਹੈ। ਇਨ੍ਹਾਂ ਸੰਚਾਰ ਸਾਧਨਾਂ ਨੂੰ ਜੇ ਅਸੀਂ ਚੰਗੇ ਪਾਸੇ ਇਸਤੇਮਾਲ ਕਰੀਏ ਤਾਂ ਇਹ ਸਮਾਂ ਸਫਲਾ ਕਰਨ ਦਾ ਬਹੁਤ ਵੱਡਾ ਜ਼ਰੀਆ ਹਨ ਤੇ ਇਹੀ ਸੰਚਾਰ ਸਾਧਨਾਂ ਨੂੰ ਜੇ ਅਸੀਂ ਗਲਤ ਤੇ ਅਨੈਤਿਕ ਪ੍ਰੋਗਰਾਮ ਦੇਖਣ ਲਈ ਵਰਤੀਏ ਤੇ ਫਿਰ ਤਾਂ ਸਿੱਧਾ ਹੀ ਨਰਕਾਂ ਦੇ ਦਰਵਾਜ਼ੇ ਖੁੱਲ੍ਹੇ ਹਨ। ਬਾਬਾ ਨੰਦ ਸਿੰਘ ਜੀ ਬਚਨ ਕਰਿਆ ਕਰਦੇ ਸਨ, ਜਿਹੜਾ ਗੁਰੂ ਨਾਨਕ ਮਹਾਰਾਜ ਜੀ ਦੇ ਚਰਨਾਂ ਦੀ ਕਿੱਲੀ ਨਾਲ ਜੁੜਿਆ ਰਹੇਗਾ, ਉਹ ਬਚਿਆ ਰਹੇਗਾ। ਬਾਬਾ ਜੀ ਦਾ ਇਹ ਬਚਨ ਕਿੰਨੀ ਭਾਵਨਾ ਵਾਲਾ ਹੈ, ਕਿੰਨੀ ਗਹਿਰਾਈ ਵਾਲਾ ਹੈ, ਕਿੰਨੀ ਗਹਿਰੀ ਦ੍ਰਿਸ਼ਟੀ ਵਾਲਾ ਹੈ। ਕਾਰਨ ਕੀ? ਅੱਜ ਇੱਕ ਛੋਟੇ ਜਿਹੇ ਬੱਚੇ ਦੀ ਮਾਨਸਿਕਤਾ ਇਹ ਹੋ ਗਈ ਹੈ ਕਿ ਗੁਰਮਤਿ ਦੇ ਰਾਹ ਦੇ ਮੁੱਢਲੇ ਉਪਦੇਸ਼, ਸਿੱਖ ਗੁਰੂ ਸਾਹਿਬਾਨ ਦੇ ਪਾਵਨ ਨਾਂ, ਚਾਰ ਸਾਹਿਬਜ਼ਾਦਿਆਂ ਦੀ ਕੁਰਬਾਨੀਆਂ ਦੀ ਕੁਰਬਾਨੀਆਂ, ਸਾਡਾ ਅਨਮੋਲ ਵਿਰਸਾ ਉਨ੍ਹਾਂ ਨੂੰ ਪਤਾ ਹੋਵੇ ਜਾਂ ਨਾ ਹੋਵੇ ਪਰ ਇੰਟਰਨੈਟ ਦੀ ਸਹੂਲਤਾਂ ਬਾਰੇ ਉਹ ਭਲੀਭਾਂਤ ਵਾਕਫ ਹਨ ਤੇ ਫਿਰ ਇਸ ਸਹੂਲਤ ਰਾਹੀਂ ਜੋ ਕੁਝ ਪਰੋਸਿਆ ਜਾ ਰਿਹਾ ਹੈ, ਉਹ ਨਾ ਤਾਂ ਕਿਸੇ ਤੋਂ ਲੁਕਿਆ ਹੋਇਆ ਹੈ ਤੇ ਨਾ ਹੀ ਇੱਥੇ ਲਿਖਿਆ ਜਾ ਸਕਦਾ ਹੈ। ਇੱਕ-ਇੱਕ ਸਾਈਟ ਖੋਲ੍ਹਦਿਆਂ ਹੀ ਉਸ ਵਿੱਚ ਅੱਗੋਂ ਅਨੇਕਾਂ ਸਾਈਟਾਂ ਜਿਸ ਤਰ੍ਹਾਂ ਖੁੱਲ੍ਹ ਕੇ ਗਲਤ ਸਮੱਗਰੀ ਸਾਡੇ ਬੱਚਿਆਂ ਤੱਕ ਪਹੁੰਚ ਰਹੀਆਂ ਹਨ, ਇਸ ਨਾਲ ਸਾਡੇ ਬੱਚਿਆਂ ਦੀ ਮਾਨਸਿਕਤਾ, ਉਨ੍ਹਾਂ ਦਾ ਦਿਮਾਗੀ ਤਵਾਜ਼ਨ ਬਹੁਤ ਹੱਦ ਤੱਕ ਵਿਗੜ ਚੁੱਕਾ ਹੈ ਤੇ ਹਾਲਾਤ ਇਹ ਬਣਦੇ ਜਾ ਰਹੇ ਹਨ ਕਿ ਜੇ ਇਨ੍ਹਾਂ ਵੱਲ ਸਮੇਂ ਸਿਰ ਧਿਆਨ ਨਾ ਦਿੱਤਾ ਜਾਵੇ ਤਾਂ ਬਹੁਤ ਵੱਡਾ ਖਮਿਆਜ਼ਾ ਸਾਨੂੰ ਇਸ ਪ੍ਰਤੀ ਭੁਗਤਨਾ ਪੈ ਸਕਦਾ ਹੈ। ਹਰ ਚੀਜ਼ ਦਾ ਫਾਇਦਾ ਵੀ ਹੁੰਦਾ ਹੈ ਤੇ ਨੁਕਸਾਨ ਵੀ ਪਰ ਇਸ ਇੰਟਰਨੈਟ ਦੀ ਸਹੂਲਤ ਨੇ ਫਾਇਦਾ ਦੇਣ ਨਾਲੋਂ ਨੁਕਸਾਨ ਜ਼ਿਆਦਾ ਕੀਤਾ ਹੈ ਤੇ ਸਾਡੀ ਨੌਜਵਾਨ ਪੀੜੀ ਇਸ ਦਾ ਬੁਰੀ ਤਰ੍ਹਾਂ ਸ਼ਿਕਾਰ ਹੋ ਰਹੀ ਹੈ। ਘੰਟਿਆਂ ਬੱਧੀ ਇੰਟਰਨੈੱਟ ਤੇ ਜੁੜੇ ਰਹਿਣ ਕਾਰਨ ਉਨ੍ਹਾਂ ਦੀ ਸੋਚ ਵਿੱਚ ਬੜੀ ਵੱਡੀ ਪੱਧਰ ਤੇ ਬਦਲਾਅ ਆਇਆ ਹੈ। ਅੰਮ੍ਰਿਤ ਵੇਲਾ ਸੰਭਾਲਣਾ ਤਾਂ ਇੱਕ ਪਾਸੇ ਰਹਿ ਗਿਆ, ਸਾਰੀ-ਸਾਰੀ ਰਾਤ ਇਸ ਇੰਟਰਨੈੱਟ ਦੀ ਦੁਰਵਰਤੋਂ ਕਾਰਨ ਅਸੀਂ ਦਿਨੇ ਵੀ ਉਨੀਂਦਰੇ ਹੋ ਗਏ ਹਾਂ। ਆਪਣੇ ਸਿੱਖ ਇਤਿਹਾਸ ਬਾਰੇ ਪਤਾ ਹੋਵੇ ਨਾ ਹੋਵੇ ਪਰ ਇੰਟਰਨੈੱਟ ਨਾਲ ਜੁੜ ਕੇ ਸਾਨੂੰ ਹਰ ਐਕਟਰ ਦੀ ਪੂਰੀ ਜੀਵਨ ਹਿਸਟਰੀ ਪਤਾ ਹੈ। ਜਪੁਜੀ ਸਾਹਿਬ ਦਾ ਪਾਠ ਸਵੇਰੇ ਪੜ੍ਹਨ ਦਾ ਸਮਾਂ ਹੋਵੇ ਜਾਂ ਨਾ ਹੋਵੇ ਪਰ ਫੇਸਬੁੱਕ ਤੇ ਮੌਜੂਦ ਹਰ ਮੈਸੇਜ ਨੂੰ ਪੜ੍ਹਨ ਲਈ ਸਾਡੇ ਬੱਚੇ ਆਨ-ਲਾਈਨ ਹਨ।

ਇਸ ਲਈ ਇਹ ਸਮਾਂ ਹੈ ਕਿ ਇਸ ਨੂੰ ਤੁਰੰਤ ਸੰਭਾਲਿਆ ਜਾਵੇ, ਬਿਨਾਂ ਢਿੱਲ ਤੋਂ, ਬਿਨਾਂ ਦੇਰੀ ਤੋਂ ਸੰਭਾਲਿਆ ਜਾਵੇ। ਆਪਣੇ ਬੱਚਿਆਂ ਪ੍ਰਤੀ ਅਸੀਂ ਇੰਨੇ ਅਵੇਸਲੇ ਨਾ ਹੋ ਜਾਈਏ ਕਿ ਸਮਾਂ ਆਉਣ ਤੇ ਸਾਨੂੰ ਪਛਤਾਉਣਾ ਪਵੇ। ਆਪਣੇ ਘਰ ਦਾ ਮਾਹੌਲ ਤੁਰੰਤ ਬਦਲੀਏ। ਅੰਮ੍ਰਿਤ ਵੇਲੇ ਦੀ ਗੂੰਜਾਂ ਹਰ ਘਰ ਵਿੱਚ ਪੈਣ। ਅੰਮ੍ਰਿਤਮਈ ਬਾਣੀ ਦੀ ਮਿੱਠੀ ਧੁਨ ਸਾਡੇ ਘਰਾਂ ਨੂੰ ਅੰਮ੍ਰਿਤ ਵੇਲੇ ਤੋਂ ਹੀ ਮਨਮੋਹਕ ਕਰੇ। ਆਪ ਵੀ ਜੁੜੀਏ ਤੇ ਆਪਣੇ ਬੱਚਿਆਂ ਨੂੰ ਗੁਰੂ ਘਰ ਨਾਲ ਜੋੜਨ ਲਈ, ਆਪਣੇ ਸਿੱਖ ਇਤਿਹਾਸ ਦੇ ਸੁਨਹਿਰੀ ਪੰਨੇ ਉਨ੍ਹਾਂ ਤੱਕ ਪਹੁੰਚਾਉਣ ਲਈ ਤਤਪਰ ਹੋਈਏ। ਗੁਟਕਾ ਸਾਹਿਬ ਆਪਣੇ ਹੱਥੀਂ ਆਪਣੇ ਬੱਚਿਆਂ ਦੇ ਹੱਥ ਫੜਾਈਏ ਤੇ ਜਿਵੇਂ ਮਹਾਂਪੁਰਸ਼ ਬਚਨ ਕਰਦੇ ਸਨ ਕਿ ਆਪਣੇ ਬੱਚਿਆਂ ਵਿੱਚ ਸਿੱਖੀ ਦੇ ਜਜ਼ਬੇ ਨੂੰ ਬਰਕਰਾਰ ਰੱਖਣ ਲਈ ਹਰ ਬੱਚੇ ਵਾਸਤੇ ਘੱਟੋ ਘੱਟ ਇੱਕ ਪਾਠ ਜਪੁਜੀ ਸਾਹਿਬ ਦਾ ਨੇਮ ਵਧਾ ਕੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰੀਏ ਕਿ ਹੇ ਕਲਗੀਧਰ ਪਿਤਾ ਜੀ ਇਹ ਪਿਆਰੀ ਸਿੱਖੀ ਮੇਰੇ ਬੱਚਿਆਂ ਵਿੱਚ ਸਦਾ-ਸਦਾ ਬਣੀ ਰਵ੍ਹੇ।

*ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥*

*—ਸੰਪਾਦਕ*

# ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਪਹਿਲਾ ਭਾਗ-ਬੀਬੀ ਵੀਰੋ ਜੀ

## ਨਵਾਂ ਪ੍ਰਕਰਨ

## ਬੀਬੀ ਵੀਰੋ ਜੀ ਦੀ ਡੋਲੀ ਤੋਰਨ ਵੇਲੇ ਛੇਵੇਂ ਪਾਤਸ਼ਾਹ ਜੀ ਨੇ ਕੀ ਉਪਦੇਸ਼ ਦਿੱਤੇ?

ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। ਪਿਛਲੇ ਅੰਕਾਂ ਵਿੱਚ ਅਰਦਾਸ ਵਿੱਚ ਮੰਗੇ ਜਾਣ ਵਾਲੇ ਨੌਂ ਦਾਨ ਕਿਹੜੇ ਹਨ ਇਸ ਪ੍ਰਕਰਨ ਦੀ ਸਤਿਗੁਰੂ ਜੀ ਨੇ ਆਪਣੀ ਮਿਹਰ ਕਰਕੇ ਸੇਵਾ ਲਈ ਸੀ। ਹੁਣ 125 ਅੰਕ ਤੋਂ—''ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ'' ਨਵਾਂ ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਅੰਕ ਵਿੱਚ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਨਵੇਂ ਪ੍ਰਕਰਨ ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਪਹਿਲੇ ਭਾਗ ਵਿੱਚ ਬੀਬੀ ਵੀਰੋ ਜੀ ਨੂੰ ਮਾਤਾ ਗੰਗਾ ਜੀ ਅਤੇ ਛੇਵੇਂ ਪਾਤਸ਼ਾਹ ਜੀ ਵੱਲੋਂ ਦਿੱਤੇ ਗਏ ਉਪਦੇਸ਼ਾਂ ਤੇ ਵਿਚਾਰਾਂ ਸਾਂਝੀਆਂ ਕਰਵਾਉਣ ਤੇ ਇਨ੍ਹਾਂ ਉਪਦੇਸ਼ਾਂ ਨੂੰ ਪੜ੍ਹ ਕੇ ਅਰਦਾਸ ਕਰੀਏ ਕਿ ਸਾਡੇ ਪਰਿਵਾਰਾਂ ਵਿੱਚ ਵੀ ਇਹ ਗੁਣ ਆਉਣ ਤੇ ਖਾਸ ਕਰਕੇ ਸਾਡੀਆਂ ਬੱਚੀਆਂ ਵੀ ਬੀਬੀ ਵੀਰੋ ਜੀ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਗੁਰਮਤਿ ਦੇ ਮਾਰਗ ਤੇ ਚੱਲ ਕੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕਣ।

—ਸੰਪਾਦਕ

**ਸ਼ਬਦ**

*ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥*
*ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ॥*

*(ਅੰਗ ੭੮੪)*

ਕਿੰਨੇ ਮਿੱਠੇ ਬੋਲੜੇ ਹਨ ਸਾਡੇ ਪਿਤਾ ਜੀ, ਸਾਰੀ ਸੰਗਤ ਅਸੀਸ ਦੇਣੀ, ਨਵੇਂ ਪ੍ਰਕਰਨ ਦੀ ਮਹਾਰਾਜ ਜੀ ਸਿਰ ਤੇ ਹੱਥ ਰੱਖ ਕੇ ਸੇਵਾ ਲੈਣ। ਆਪ ਸਾਰੀ ਸੰਗਤ ਨੇ ਵੀ ਸਹਿਯੋਗ ਦੇਣਾ। ਇੱਕ ਵਾਰੀ ਜਿਹੜਾ ਸ਼ਬਦ ਆਧਾਰ ਬਣਾਇਆ ਗਿਆ ਹੈ, ਪਹਿਲਾਂ ਉਸ ਦੀ ਹਾਜ਼ਰੀ ਲਗਾਈਏ। ਪੜ੍ਹੋ ਜੀ ਸਾਰੇ :

*ਮ : ੧॥*

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥*
*ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ॥*
*ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥*
*ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ॥*
*ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ॥੨॥*

*(ਅੰਗ ੪੭੩)*

ਸਾਰੀ ਸੰਗਤ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿਆਰ ਵਿੱਚ, ਸਤਿਕਾਰ ਵਿੱਚ ਭਿੱਜ ਕੇ ਆਖੋ ਸਤਿਨਾਮ ਸ੍ਰੀ ਵਾਹਿਗੁਰੂ ਜੀ।

ਤੁਸੀਂ ਸਿਰ ਤੇ ਹੱਥ ਰੱਖਣਾ। ਇਹ ਨਵਾਂ ਪ੍ਰਕਰਨ ਆਰੰਭ ਹੋਇਆ ਹੈ, ਗੁਰੂ ਸਾਹਿਬ ਜੀ ਨੇ ਕਰਵਾਇਆ ਹੈ। ਸ਼ਬਦ ਨੂੰ ਆਧਾਰ ਬਣਾਇਆ ਹੈ :

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*

*(ਅੰਗ ੪੭੩)*

ਬੀਬੀਓ, ਸਤਿਗੁਰਾਂ ਨੇ ਤੁਹਾਨੂੰ ਵਡਿਆਈ ਦਿੱਤੀ ਹੈ। ਬੀਬੀਆਂ ਨੂੰ, ਔਰਤ ਨੂੰ ਕਿਉਂ ਮੰਦਾ ਕਹਿੰਦੇ ਹੋ, ਜਿਹੜੀ ਰਾਜਿਆਂ ਤੇ ਮਹਾਂਪੁਰਸ਼ਾਂ ਨੂੰ ਜਨਮ ਦਿੰਦੀ ਹੈ। ਇਸ ਪ੍ਰਕਰਨ ਦਾ ਨਾਮ ਗੁਰੂ ਸਾਹਿਬ ਦੀ ਕਿਰਪਾ ਨਾਲ ਰੱਖਿਆ ਗਿਆ ਹੈ :

### ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ

ਦਾਸ ਦੀ ਬੇਨਤੀ ਹੈ ਕਿ ਪੰਜ ਵਾਰੀ ਵਾਹਿਗੁਰੂ ਕਹਿ ਕੇ ਵਾੜ ਲਗਾ ਦਿਓ ਤੇ ਨਾਲ ਇਹ ਵੀ ਬੇਨਤੀ ਹੈ ਕਿ ਅੰਦਰੋਂ ਮਨ ਨੀਵਾਂ ਕਰਕੇ ਕਿਸੇ ਸਰੀਰ ਦੇ ਖਾਨੇ ਵਿੱਚ ਹਉਮੈ ਨਾ ਹੋਵੇ, ਮਨ ਨੀਵਾਂ ਕਰਕੇ, ਮੰਗਤੇ ਬਣ ਕੇ, ਗੁਰੂ ਸਾਹਿਬ ਦੇ ਚਰਨਾਂ ਵਿੱਚੋਂ, ਸੰਗਤ ਰੂਪੀ ਮਾਂ ਬਣ ਕੇ ਵਾੜ ਲਗਾਉਣਾ, ਅਰਦਾਸ ਕਰਨੀ ਕਿ ਹੇ ਸੱਚੇ ਪਾਤਸ਼ਾਹ ਜੀ, ਇਸ ਪ੍ਰਕਰਨ ਰਾਹੀਂ ਧੰਨ ਗੁਰੂ ਨਾਨਕ ਸਾਹਿਬ ਜੀ ਦੇ ਘਰ ਦਾ ਮਾਰਗ ਇੱਕ-ਇੱਕ ਪ੍ਰਾਣੀ ਤੱਕ ਪਹੁੰਚ ਸਕੇ। ਜੈਪੁਰ ਤੋਂ ਦੋ ਘੰਟੇ ਦਾ ਰਾਹ ਹੈ, ਹਿਉਡੋਨਾ। ਕੱਲ ਉੱਥੋਂ ਸੰਗਤ ਆਈ। ਸਾਰੇ ਹੀ ਹਿੰਦੂ ਵੀਰ, ਸਹਿਜਧਾਰੀ। ਕਹਿਣ ਲੱਗੇ, ਦਰਬਾਰ ਸਾਹਿਬ ਪਹਿਲਾਂ ਵੀ ਆਉਂਦੇ ਸੀ ਪਰ ਇਸ ਵਾਰ ਆਉਣ ਦਾ ਕੁਝ ਵੱਖਰਾ ਹੀ ਅਨੰਦ ਪ੍ਰਾਪਤ ਹੋਇਆ ਹੈ ਕਿਉਂਕਿ ਸ੍ਰੀ ਹਰਿਮੰਦਰ ਸਾਹਿਬ ਦੀਆਂ ਵਡਿਆਈਆਂ ਦਾ ਪ੍ਰਕਰਨ ਜਦੋਂ ਟੀ.ਵੀ. ਤੇ ਸੁਣਿਆ ਤੇ ਹੁਣ ਇੰਝ ਦਿਲ ਕਰਦਾ ਹੈ, ਸਾਡੀਆਂ ਦੋ ਬੇਟੀਆਂ ਹਨ, ਉਨ੍ਹਾਂ ਨੂੰ ਵਿਆਹ ਕੇ, ਧੰਨ ਗੁਰੂ ਰਾਮਦਾਸ ਜੀ ਮਹਾਰਾਜ ਦੀ ਨਗਰੀ ਵਿੱਚ ਪੱਕੇ ਹੀ ਆ ਜਾਈਏ। ਦਾਸ ਨੇ ਫਿਰ ਬੇਨਤੀ ਕੀਤੀ ਕਿ ਜਿੱਥੇ ਹੋ, ਉੱਥੇ ਵੀ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਨਾਲ ਹੀ ਹਨ। ਕਹਿਣ ਲੱਗੇ, ਪਹਿਲਾਂ ਜਦੋਂ ਅਸੀਂ ਦਰਬਾਰ ਸਾਹਿਬ ਦਰਸ਼ਨ ਕਰਨ ਆਉਂਦੇ ਸੀ, ਬਸ ਆਏ ਤੇ ਗਏ ਪਰ ਜਦੋਂ ਦੀਆਂ ਵਡਿਆਈਆਂ ਟੀ.ਵੀ. ਰਾਹੀਂ ਸੁਣੀਆਂ, ਨੇ ਉਦੋਂ ਦਾ ਮਨ ਵਿੱਚ ਇਹੀ ਫੁਰਨਾ ਬਣ ਰਿਹਾ ਹੈ ਕਿ ਹੁਣ ਜਲਦੀ ਤੋਂ ਜਲਦੀ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਆਈਏ ਤੇ ਹੁਣ ਜਦੋਂ ਕੀਰਤਨ ਸੁਣਦੇ ਹਾਂ ਤੇ ਉੱਠਣ ਤੇ ਦਿਲ ਹੀ ਨਹੀਂ ਕਰਦਾ। ਨਾਲ ਹੀ ਉਹ ਕਹਿਣ ਲੱਗੇ, ਇੱਕ ਗੁਰੂ ਸਾਹਿਬ ਨੇ ਹੋਰ ਕਿਰਪਾ ਕਰ ਦਿੱਤੀ ਹੈ, ਉਹ ਇਹ ਕਿ ਸਾਡੇ ਨਾਲ ਜੈਪੁਰ ਤੋਂ ਜਿਹੜੀਆਂ ਸੰਗਤਾਂ ਅਟੈਚ ਹਨ, ਸਾਰੇ ਰਲਕੇ ਗੁਰਦੁਆਰਾ ਸਾਹਿਬ ਅੱਧਾ ਘੰਟਾ ਹਰ ਰੋਜ਼ ਗੁਰਮੰਤਰ ਜਾਪ ਦੀ ਹਾਜ਼ਰੀ ਲਗਾਉਂਦੇ ਹਾਂ। ਦਾਸ ਨੂੰ ਉਨ੍ਹਾਂ ਦੀ ਗੱਲ ਸੁਣ ਕੇ ਇੰਨੀ ਮਨ ਨੂੰ ਠੰਡ ਪਈ ਕਿ ਲੋਕ ਕਿਸੀ ਬੰਦੇ ਨਾਲ ਨਹੀਂ ਸਗੋਂ, ਸੱਚੇ ਗੁਰੂ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ, ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨਾਲ ਜੁੜ ਰਹੇ ਹਨ। ਤੁਸੀਂ ਪੰਜ ਵਾਰੀ ਵਾਹਿਗੁਰੂ ਕਹਿ ਕੇ ਵਾੜ ਲਗਾਉਣੀ ਕਿ ਜਿਹੜੀ ਸਾਡੇ ਗੁਰੂ ਨਾਨਕ ਮਹਾਰਾਜ ਨੇ ਸੜਕ ਬਣਾਈ ਹੈ, ਭਾਵੇਂ ਮਹਾਰਾਜ ਜੀ ਸਾਰਿਆਂ ਦੇ ਸਰਬ ਸਾਂਝੇ ਹਨ ਪਰ ਪਿਆਰ ਨਾਲ ਕਿਹਾ ਜਾਂਦਾ ਹੈ, ਸਾਡੇ ਧੰਨ ਗੁਰੂ ਨਾਨਕ ਸਾਹਿਬ। ਉਨ੍ਹਾਂ ਦੀ ਬਖਸ਼ਿਸ ਕੀਤੀ ਹੋਈ ਇਹ ਸੜਕ (ਉੱਤਮ ਮਾਰਗ ਦਰਸ਼ਨ) ਘਰ-ਘਰ ਪਹੁੰਚੇ। ਸਾਰੀ ਸੰਗਤ ਮਨ ਦੀ ਗਰੀਬੀ ਧਾਰ ਕੇ ਵਾੜ ਲਗਾਇਓ :

*ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ॥*

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*

ਨਵਾਂ ਪ੍ਰਕਰਨ, ਜਿਸ ਦਾ ਨਾਂ ''ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ'' ਸਤਿਗੁਰੂ ਜੀ ਨੇ ਤਰਸ ਕਰਕੇ ਸ਼ੁਰੂ ਕਰਵਾਇਆ ਹੈ, ਇਸ ਪ੍ਰਕਰਨ ਬਾਰੇ ਇਹੀ ਬੇਨਤੀ

ਹੈ ਕਿ ਚੰਗੇ ਸਾਰੇ ਹਨ ਪਰ ਥੋੜ੍ਹਾ ਇਸ਼ਾਰਾ ਦੇਣਾ ਪਵੇਗਾ। ਬਾਬਾ ਨਾਨਕ ਜੀ ਫ਼ਰਮਾਉਂਦੇ ਹਨ :

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*

ਤੇ ਔਰਤ ਨੂੰ ਕਿਉਂ ਮੰਦਾ ਕਿਹਾ ਜਾਂਦਾ ਹੈ? ਸਤਿਕਾਰ ਸਭ ਦਾ ਕਰਦੇ ਹਾਂ ਪਰ ਗੱਲ ਕਹਿਣੀ ਪੈਂਦੀ ਹੈ। ਇੱਕ ਕਵੀ ਦਾ ਦੋਹਰਾ ਹੈ:

*ਢੋਲ, ਗਵਾਰ, ਪਸ਼ੂ ਅਰ ਨਾਰੀ।*
*ਚਾਰੋਂ ਤਾੜਨ ਕੇ ਅਧਿਕਾਰੀ।*

ਧਿਆਨ ਦੇਣਾ। ਹੁਣ ਵੇਖੋ, ਦੁਨੀਆਂ ਦੀ ਸੋਚ ਕਿੱਥੇ ਹੈ? ਢੋਲ ਵੀ, ਇਸ ਨੂੰ ਖਿੱਚ ਕੇ ਰੱਖੋ ਤੇ ਤਾਂ ਵੱਜਦਾ ਹੈ, ਭਾਵ ਤਾੜ ਕੇ ਰੱਖੋ। ਗਵਾਰ, ਜੇ ਕੋਈ ਦਿਮਾਗ ਵੱਲੋਂ ਘੱਟ ਹੈ ਤੇ ਉਸ ਨੂੰ ਵੀ ਖਿੱਚ ਕੇ ਰੱਖੋ। ਪਸ਼ੂ, ਪਸ਼ੂ ਦੇ ਵੀ ਸਿਰ ਤੇ ਡੰਡਾ ਰੱਖੋ ਤੇ ਉਹ ਸਹੀ ਚਲਦਾ ਹੈ। ਤੇ ਵੇਖ ਲਓ, ਨਾਰੀ ਦਾ ਨਾਂ ਲੈ ਲਿਆ ਹੈ, ਇਸ ਨੂੰ ਵੀ ਤਾੜ ਕੇ ਰੱਖੋ, ਤਾਂ ਕਾਬੂ ਵਿੱਚ ਰਹਿੰਦੀ ਹੈ। ਇੱਕ ਨਾਰੀ ਦੀ ਤੁਲਨਾ, ਢੋਲ ਨਾਲ, ਪਸ਼ੂ ਨਾਲ, ਗਵਾਰ ਨਾਲ ਕੀਤੀ ਗਈ ਹੈ। ਚੰਗੇ ਸਾਰੇ ਹਨ, ਉਨ੍ਹਾਂ ਦੀ ਆਪਣੀ ਸੋਚ ਹੈ। ਉਹ ਕਹਿੰਦੇ ਹਨ:

*ਢੋਲ, ਗਵਾਰ, ਪਸ਼ੂ ਅਰ ਨਾਰੀ।*
*ਚਾਰੋਂ ਤਾੜਨ ਕੇ ਅਧਿਕਾਰੀ।*

ਇਹ ਚਾਰੋ ਤਾੜਨਾਂ ਦੇ ਅਧਿਕਾਰੀ ਹਨ ਪਰ ਬਾਬਾ ਨਾਨਕ ਜੀ ਔਰਤ ਦੇ ਸਤਿਕਾਰ ਪ੍ਰਤੀ ਕੀ ਫ਼ਰਮਾਉਂਦੇ ਹਨ :

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*

ਯੂਨਾਨ ਸ਼ਹਿਰ। ਅਸੀਂ ਤਾਂ ਨਹੀਂ ਦੇਖਿਆ ਪਰ ਜਿਨ੍ਹਾਂ ਨੇ ਖੋਜ ਕਰਕੇ ਲਿਖਿਆ ਹੈ, ਚਰਨ ਸਿੰਘ (ਐਮ.ਏ.) ਹਨ, ਉਨ੍ਹਾਂ ਨੇ ਖੋਜ ਕਰਕੇ ਲਿਖਿਆ ਹੈ, ਯੂਨਾਨ ਵਿੱਚ ਇੱਕ ਰਿਵਾਜ ਹੈ, ਤੀਵੀਂ (ਔਰਤ) ਨੂੰ ਘਰ ਦੀ ਮਾਲਕਣ ਨਹੀਂ, ਘਰ ਦੀ ਦਾਸੀ ਸਮਝਿਆ ਜਾਂਦਾ ਹੈ। ਫਿਰ, ਇੱਕ ਵਿਦਵਾਨ ਹੋਇਆ ਹੈ, ਸੈਂਟ ਜੇਮਜ਼, ਉਹ ਆਪਣੀ ਸੋਚ ਕੀ ਲਿਖਦਾ ਹੈ, ਜਿੰਨੇ ਵਿਕਾਰ ਪੈਦਾ ਹੁੰਦੇ ਹਨ, ਔਰਤ ਤੋਂ ਪੈਦਾ ਹੁੰਦੇ ਹਨ ਪਰ ਬੀਬੀਓ, ਸਾਡੇ ਬਾਬਾ ਨਾਨਕ ਜੀ ਕਿੰਨੇ ਮਿਠਬੋਲੜੇ ਹਨ, ਤੁਹਾਡੇ ਪਿਤਾ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਉਹ ਕਹਿੰਦੇ ਹਨ, ਬੀਬੀਆਂ ਨੂੰ :

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*

ਧੰਨ ਮਾਤਾ ਗੰਗਾ ਜੀ ਆਪਣੀ ਗੋਦ ਵਿੱਚ ਖਿਡਾ ਰਹੇ ਹਨ, ਬਾਬਾ ਗੁਰਦਿੱਤਾ ਜੀ ਨੂੰ। ਕਿਹੋ ਜਿਹਾ ਸਮਾਂ ਹੋਵੇਗਾ, ਕਿਧਰੇ ਆਪਣੇ ਨੇਤਰਾਂ ਸਾਹਮਣੇ ਨਕਸ਼ਾ ਲੈ ਕੇ ਆਓ, ਦੇਖੋ ਕਿੰਨਾ ਅਨੰਦ ਆਉਂਦਾ ਹੈ। ਦਾਸ ਨੂੰ ਤਾਂ ਬਹੁਤ ਅਨੰਦ ਆਉਂਦਾ ਹੈ। ਬਾਬਾ ਗੁਰਦਿੱਤਾ ਜੀ ਕੌਣ ਹਨ? ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਪੁੱਤਰ। ਮਾਤਾ ਗੰਗਾ ਜੀ ਦੇ ਪੋਤਰੇ ਹੋ ਗਏ। ਉਹ ਖਿਡਾ ਰਹੇ ਹਨ, ਬਾਬਾ ਗੁਰਦਿੱਤਾ ਜੀ ਨੂੰ ਤੇ ਛੇਵੇਂ ਪਾਤਸ਼ਾਹ ਜੀ ਅੱਗੋਂ ਆ ਗਏ। ਤੇ ਮਾਤਾ ਗੰਗਾ ਜੀ ਕਹਿਣ ਲੱਗੇ, ਪੁੱਤਰ ਜੀ, ਅਨੰਦ ਤਾਂ ਆਉਂਦਾ ਜੇ ਜੋੜੀ ਹੋਵੇ। ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਕਹਿਣ ਲੱਗੇ, ਮਾਤਾ ਜੀ, ਜੋੜੀ ਕਿਸ ਨੂੰ ਕਹਿੰਦੇ ਹੋ? ਕਹਿਣ ਲੱਗੇ, ਦੋ ਪੁੱਤਰਾਂ ਦੀ ਜੋੜੀ ਹੋਵੇ। ਤੇ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਚਨ ਕੀਤੇ, ਮਾਤਾ ਜੀ, ਪੁੱਤਰ ਤਾਂ ਪੰਜ ਹੋਣਗੇ। ਸਾਧ ਸੰਗਤ ਜੀ, ਇਹ ਆਪ ਜੀ ਨੂੰ ਪਤਾ ਹੀ ਹੈ ਕਿ ਛੇਵੇਂ ਪਾਤਸ਼ਾਹ ਜੀ ਦੇ ਪੰਜ ਸਪੁੱਤਰ ਹੋਏ ਹਨ। ਬਾਬਾ ਗੁਰਦਿੱਤਾ ਜੀ, ਬਾਬਾ ਅਣੀ ਰਾਇ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਅਟੱਲ ਰਾਇ ਜੀ, ਧੰਨ ਗੁਰੂ ਤੇਗ ਬਹਾਦਰ ਜੀ, ਪੰਜ ਸਪੁੱਤਰ। ਛੇਵੇਂ ਪਾਤਸ਼ਾਹ ਜੀ ਕਹਿਣ ਲੱਗੇ, ਮਾਤਾ ਜੀ, ਸਪੁੱਤਰ ਤਾਂ ਪੰਜ ਹੋਣਗੇ ਪਰ ਜਿਹੜਾ ਤੁਸੀਂ ਕਹਿੰਦੇ ਹੋ, ਜੋੜੀ ਰਲਣੀ ਚਾਹੀਦੀ ਹੈ ਪਰ ਜੋੜੀ ਕਹਿੰਦੇ ਹਨ, ਇੱਕ ਪੁੱਤਰ ਹੋਵੇ ਤੇ ਇੱਕ ਧੀ ਹੋਵੇ, ਜੋੜੀ ਉਸ ਨੂੰ ਕਹਿੰਦੇ ਹਨ। ਇਸ ਲਈ ਇਹ ਤੁਸੀਂ ਕਹੋ ਕਿ ਇੱਕ ਬੇਟੀ ਵੀ

ਹੋਵੇ। ਉਹ ਬੇਟੀ ਕਿਹੜੀ ਆਈ? ਬੀਬੀ ਵੀਰੋ ਜੀ। ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ, ਉਨ੍ਹਾਂ ਵਿੱਚੋਂ ਇਹ ਬੀਬੀ ਹਨ, ਬੀਬੀ ਵੀਰੋ ਜੀ। ਜਦੋਂ ਬੀਬੀ ਵੀਰੋ ਜੀ ਦਾ ਧਰਤੀ ਤੇ ਜਨਮ ਹੋਇਆ ਤੇ ਮਹਾਰਾਜ ਜੀ, ਮਾਤਾ ਗੰਗਾ ਜੀ ਨੂੰ ਕਹਿਣ ਲੱਗੇ ਮਾਤਾ ਜੀ, ਹੁਣ ਜੋੜੀ ਰਲੀ ਹੈ। ਵੇਖ ਲਓ, ਕਿੰਨਾ ਸਤਿਕਾਰ। ਇਹ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿੱਚੋਂ ਪੜ੍ਹ ਲਓ, ਉਸ ਸਮੇਂ ਦੇ ਬਚਨ ਹਨ। ਕਿਤੇ ਤੁਸੀਂ ਕਹੋ ਕਿ ਕੋਲੋਂ ਕਹਿ ਰਿਹਾ ਹਾਂ, ਜੋ ਉਸ ਸਮੇਂ ਮਾਤਾ ਜੀ ਨੇ ਬੇਨਤੀ ਕੀਤੀ ਸੀ। ਗਰੀਬ ਨਿਵਾਜ, ਸੱਚੇ ਪਾਤਸ਼ਾਹ ਜੀ :

*ਸੀਲ ਖਾਨ ਕੰਨਿਆ ਇੱਕ ਹੋਵੇ।*
*ਪੁਤ੍ਰੀ ਵਿਚ ਗ੍ਰਿਹਿਸਥ ਜਗਤ ਵਿਹੋਵੇ।*

ਦਾਸ ਦਾ ਸਿਰ ਝੁਕਦਾ ਹੈ, ਕੈਸੇ ਸਾਡੇ ਪਿਤਾ ਜੀ ਦਾ ਘਰ ਹੈ। ਕਈ ਜਗ੍ਹਾ ਤੇ ਔਰਤ ਨੂੰ ਕੀ ਕੀ ਕਿਹਾ ਜਾ ਰਿਹਾ ਹੈ ਪਰ ਇੱਕ ਗੁਰੂ ਨਾਨਕ ਸਾਹਿਬ ਦੇ ਘਰ ਦੀ ਵਡਿਆਈ ਇੱਥੇ ਕਹਿੰਦੇ ਹਨ, ਗ੍ਰਹਿਸਥੀ ਸੋਭਦੀ ਹੀ ਤਾਂ ਹੈ ਜੇ ਘਰ ਬੇਟੀ ਵੀ ਹੋਵੇ। ਦੁਨੀਆਂ ਚਲਦੀ ਹੀ ਤਾਂ ਹੈ। ਹੈ ਤਾਂ ਸਚਾਈ ਹੈ। ਬਾਬਾ ਨੰਦ ਸਿੰਘ ਜੀ ਜਿਨ੍ਹਾਂ ਦੇ ਰਾਹੀਂ ਲੱਖਾਂ ਦਾ ਉਧਾਰ ਹੋਇਆ, ਬਾਬਾ ਜੀ ਨੂੰ ਜਨਮ ਦੇਣ ਵਾਲੀ ਵੀ ਤੇ ਕੋਈ ਮਾਂ ਹੀ ਹੈ। ਬੀਬੀ ਹੈ, ਸੰਤ ਅੱਤਰ ਸਿੰਘ ਜੀ ਮਸਤੂਆਣੇ ਵਾਲਿਆਂ ਨੇ ਕਿੰਨਿਆਂ ਦਾ ਉਧਾਰ ਕੀਤਾ, ਕੋਈ ਭਾਗਾਂ ਵਾਲੀ ਮਾਂ ਹੀ ਹੈ। ਸਾਰੇ ਪੜ੍ਹੋ :

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*

ਬੀਬੀ ਵੀਰੋ ਜੀ ਵੱਡੇ ਹੋਏ। ਇਹ ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਪ੍ਰਕਰਨ, ਇਹ ਕਿਉਂ ਸ਼ੁਰੂ ਹੋਇਆ ਹੈ, ਅਸੀਂ ਉਨ੍ਹਾਂ ਦੇ ਜੀਵਨ ਤੋਂ ਕੁਝ ਸਿੱਖਿਆ ਲੈਣੀ ਹੈ। ਦਾਸ ਹੈਰਾਨ ਹੋ ਗਿਆ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿੱਚ ਇਹ ਬਚਨ ਲਿਖੇ ਹਨ, ਪਹਿਲਾਂ ਮਾਤਾ ਗੰਗਾ ਜੀ ਨੇ ਬੀਬੀ ਵੀਰੋ ਜੀ ਨੂੰ ਆਟਾ ਗੁੰਨਣਾ ਸਿਖਾਇਆ। ਦੂਸਰਾ ਮਾਤਾ ਗੰਗਾ ਜੀ ਨੇ ਬੀਬੀ ਵੀਰੋ ਜੀ ਨੂੰ ਪਰਸ਼ਾਦਾ ਪਕਾਉਣਾ ਸਿਖਾਇਆ। ਤੀਜਾ ਲਿਖਿਆ ਹੈ, ਛੇਵੇਂ ਪਾਤਸ਼ਾਹ ਜੀ ਦੀ ਬੇਟੀ, ਆਪਣੀ ਪੋਤਰੀ ਬੀਬੀ ਵੀਰੋ ਜੀ ਨੂੰ ਮਾਤਾ ਜੀ ਨੇ ਸਬਜ਼ੀਆਂ ਬਣਾਉਣੀਆਂ ਸਿਖਾਈਆਂ ਹਨ। ਗੱਲਾਂ ਦੁਨਿਆਵੀ ਹਨ ਪਰ ਨਾਲ ਗੁਣ ਲੈਣਾ। ਇਹ ਗੁਣ ਵੀ ਨਾ ਪੱਲੇ ਵਿੱਚ ਹੋਣ ਤੇ ਫਿਰ ਮਿਹਣੇ ਵੀ ਵਜਦੇ ਹਨ। ਬੱਚੀਆਂ ਨੂੰ ਕੰਪਿਊਟਰ ਵੀ ਸਿਖਾਓ ਪਰ ਇਹ ਵੀ ਚੀਜ਼ਾਂ ਸਿਖਾਓ ਜਿਨ੍ਹਾਂ ਦੀ ਬੜੀ ਲੋੜ ਹੈ। ਇਹ ਸਾਡਾ ਇਤਿਹਾਸ ਹੈ। ਦਾਸ ਨੂੰ ਪੜ੍ਹ ਕੇ ਬੜੀ ਹੈਰਾਨਗੀ ਹੋਈ, ਚੌਥੀ ਗੱਲ ਲਿਖੀ ਹੈ, ਮਾਤਾ ਜੀ ਨੇ ਆਪਣੀ ਪੋਤਰੀ, ਬੱਚੀ ਵੀਰੋ ਜੀ ਨੂੰ ਮਠਿਆਈ ਬਣਾਉਣੀ ਸਿਖਾਈ। ਪੰਜਵੀਂ ਗੱਲ ਲਿਖੀ ਹੈ, ਮਾਤਾ ਗੰਗਾ ਜੀ ਨੇ ਆਪਣੀ ਪੋਤਰੀ, ਬੱਚੀ ਵੀਰੋ ਜੀ ਨੂੰ ਗੁਰਬਾਣੀ ਕੰਠ ਕਰਨੀ ਸਿਖਾਈ। ਦੋਵੇਂ ਚੀਜ਼ਾਂ ਅਧਿਆਤਮਕ ਵੀ ਤੇ ਦੁਨਿਆਵੀ ਵੀ। ਗੁਰਬਾਣੀ ਵੀ ਜ਼ਬਾਨੀ ਕੰਠ ਕਰਵਾਈ। ਸਬਜ਼ੀ ਬਣਾਉਣੀ ਵੀ, ਆਟਾ ਗੁੰਨਣਾ ਵੀ, ਪਰਸ਼ਾਦੇ ਪਕਾਉਣੇ ਵੀ, ਮਠਿਆਈਆਂ ਵੀ ਬਣਾਉਣੀਆਂ ਸਿਖਾਈਆਂ। ਛੇਵੀਂ ਗੱਲ ਲਿਖੀ ਹੈ, ਰਾਈਟਰਾਂ ਨੇ, ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿੱਚ, ਮਾਤਾ ਗੰਗਾ ਜੀ ਨੇ ਆਪਣੀ ਪੋਤਰੀ, ਬੱਚੀ ਵੀਰੋ ਜੀ ਨੂੰ ਇਹ ਵੀ ਸਿਖਾਇਆ, ਕੋਈ ਘਰ ਆਵੇ ਤੇ ਉਸ ਦੀ ਖਿੜੇ ਮੱਥੇ ਸੇਵਾ ਕਿਵੇਂ ਕਰਨੀ ਹੈ। ਬੜੀ ਵੱਡੀ ਗੱਲ ਹੈ। ਇਹ ਸਾਡੇ ਵਾਸਤੇ ਸੜਕਾਂ ਹਨ। ਆਪਣੀ ਬੱਚੀ ਨੂੰ ਨਿਰਾ ਕੰਪਿਊਟਰ ਨਹੀਂ ਸਿਖਾਉਣਾ, ਨਿਰੀ ਐਮ.ਏ. ਦੀ ਪੜ੍ਹਾਈ ਨਹੀਂ ਕਰਵਾਉਣੀ, ਇਹ ਚੀਜ਼ਾਂ ਸਿਖਾਉਣੀ ਵੀ ਲੋੜ ਹਨ ਨਹੀਂ ਤਾਂ ਕਿਤੇ ਉਹ ਗੱਲ ਨਾ ਬਣ ਜਾਵੇ :

*ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥*

*(ਅੰਗ ੪੬੭)*

ਜਿੰਨੀ ਵੀ ਦੁਨਿਆਵੀਂ ਪੜ੍ਹਾਈ ਕੀਤੀ ਪਰ ਜੇ ਨਾਲ ਗੁਰਮਤਿ ਨਹੀਂ ਆਈ ਕਿ ਖਿੜੇ ਮੱਥੇ ਕਿਵੇਂ ਮਿਲਣਾ ਹੈ, ਅੰਦਰ ਕੜਦਾ ਪਿਆ ਹੈ ਤੇ ਉਨ੍ਹਾਂ

ਪੜ੍ਹਾਈਆਂ ਦਾ ਕੋਈ ਲਾਭ ਨਹੀਂ। ਦੁਨਿਆਵੀ ਪੜ੍ਹਾਈਆਂ ਵੀ ਲੋੜ ਹਨ ਪਰ ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਦੇ ਪ੍ਰਕਰਨ ਵਿੱਚੋਂ ਇਨ੍ਹਾਂ ਗੁਣਾਂ ਨੂੰ ਆਪਣੇ ਘਰਾਂ ਵਿੱਚ ਲਿਜਾਉਣ ਦੀ ਵੀ ਲੋੜ ਹੈ। ਨਿਰੀ ਪੜ੍ਹਾਈ ਸਿਖਾ ਦਿੱਤੀ, ਕਿਸੇ ਨੂੰ ਖਿੜੇ ਮੱਥੇ ਮਿਲਣਾ ਨਾ ਸਿਖਾਇਆ, ਫਿਰ ਕਿਤੇ ਉਹ ਗੱਲ ਨਾ ਬਣ ਜਾਵੇ :

*ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥*

*(ਅੰਗ ੧੪੦)*

ਕੈਸੇ ਸਾਡੇ ਬਾਬਾ ਜੀ ਹਨ। ਜੇ ਤੇਰੇ ਅੰਦਰ ਖਿੜੇ ਮੱਥੇ ਵਾਲੀ ਗੱਲ ਨਹੀਂ ਆਈ, ਮਹਾਰਾਜ ਜੀ ਕਹਿੰਦੇ, ਪੜ੍ਹਿਆ ਹੁੰਦਿਆਂ ਵੀ ਮੂਰਖ ਗਿਣਿਆ ਜਾਵੇਂਗਾ, ਜੇ ਤੇਰੇ ਅੰਦਰ ਹੰਕਾਰ ਤੇ ਲੋਭ ਹੈ। ਮਾਤਾ ਗੰਗਾ ਜੀ ਨੇ ਆਪਣੀ ਪੋਤਰੀ ਵੀਰੋ ਜੀ ਨੂੰ ਛੇਵੀਂ ਗੱਲ ਸਿਖਾਈ, ਬੱਚੀਏ, ਆਏ ਗਏ ਦੀ ਖਿੜੇ ਮੱਥੇ ਸੇਵਾ ਕਿਵੇਂ ਕਰਨੀ ਹੈ। ਕਿਵੇਂ ਵਰਤਾਓ ਕਰਨਾ ਹੈ। ਹੁਣ ਸਾਰੇ ਬਿਰਤੀ ਲੈ ਜਾਓ, ਸ੍ਰੀ ਅਕਾਲ ਤਖ਼ਤ ਸਾਹਿਬ, ਤੁਹਾਡਾ ਕੇਂਦਰੀ ਅਸਥਾਨ, ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਕਰੋ ਸੁਰਤੀ ਨਾਲ ਦਰਸ਼ਨ ਦੀਦਾਰੇ। ਨਾਲ-ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਗੁਰਬਾਣੀ ਵਿੱਚੋਂ ਦਰਸ਼ਨ ਕਰਿਓ :

*ਵਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ ॥*
*ਸਿਰਿ ਸਾਹਾ ਪਾਤਿਸਾਹੁ ਨਿਹਚਲੁ ਚਉਰੁ ਛਤੁ ॥*

*(ਅੰਗ ੯੬੪)*

ਸ੍ਰੀ ਅਕਾਲ ਤਖ਼ਤ ਸਾਹਿਬ ਤੇ ਮਹਾਰਾਜ ਜੀ ਬੈਠੇ ਹਨ। ਸੰਗਤ ਬਿਰਾਜਮਾਨ ਹੈ ਤੇ ਸੰਗਤ ਵਿੱਚ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਾਂਢੂ ਭਾਈ ਸਾਈਂ ਦਾਸ ਜੀ ਵੀ ਬੈਠੇ ਹਨ। ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਾਲੀ ਵੀ ਬੈਠੀ ਹੈ, ਬੀਬੀ ਰਾਮੋ ਜੀ। ਭਾਈ ਸਾਈਂ ਦਾਸ ਜੀ ਆਪਣੇ ਨਗਰ ਦੀ ਸੰਗਤ ਤੇ ਹੋਰ ਨਾਲ ਲੱਗਦੇ ਨਗਰਾਂ ਵਿੱਚ ਵਸਦੇ ਹਰੇਕ ਮਾਈ-ਭਾਈ ਤੇ ਬੱਚਿਆਂ ਨੂੰ ਗੁਰੂ ਘਰ ਨਾਲ ਜੋੜਦੇ ਸਨ। ਫਿਰ ਸੰਗਤਾਂ ਨੂੰ ਨਾਲ ਲੈ ਕੇ ਗੁਰੂ ਸਾਹਿਬ ਦੇ ਚਰਨਾਂ ਵਿੱਚ ਆਉਂਦੇ ਸਨ। ਦੀਵਾਨ ਲੱਗਿਆ ਹੈ। ਛੇਵੇਂ ਪਾਤਸ਼ਾਹ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਬਿਰਾਜਮਾਨ ਹਨ ਤੇ ਭਾਈ ਸਾਈਂ ਦਾਸ ਜੀ ਦੀ ਪ੍ਰੇਰਨਾ ਨਾਲ ਮੂਲੇ ਪਿੰਡ ਤੋਂ ਸੰਗਤ ਆਈ। ਵੇਖ ਲਓ, ਧੰਨ ਹਨ, ਇਹ ਵਿਚੋਲੇ ਜਿਹੜੇ ਪ੍ਰੇਰਨਾ ਦੇ ਕੇ ਗੁਰੂ ਚਰਨਾਂ ਵਿੱਚ ਸੰਗਤਾਂ ਨੂੰ ਨਾਲ ਲਿਆਉਂਦੇ ਹਨ। ਧੰਨ ਹਨ, ਉਹ ਜਿਹੜੇ ਕਈ ਸਫਰਾਂ ਨੂੰ ਤੈਅ ਕਰਕੇ ਵੀ ਸੰਗਤਾਂ ਨੂੰ ਨਾਲ ਲੈ ਕੇ ਆਉਂਦੇ ਹਨ ਕਿ ਸੰਗਤਾਂ ਗੁਰਬਾਣੀ ਤੇ ਕੀਰਤਨ ਨਾਲ ਜੁੜ ਜਾਣ। ਗੁਰੂ ਘਰ ਨਾਲ ਜੁੜ ਜਾਣ। ਦਾਸ ਬੇਨਤੀ ਕਰਦਾ ਹੈ, ਸਤਿਕਾਰ ਸਭ ਦਾ ਹੈ ਪਰ ਕਈ ਇਹੋ ਜਿਹੇ ਵੀ ਹਨ, ਗੱਡੀ ਲੱਗੀ ਹੈ, ਐਤਵਾਰ ਹੈ, ਆਓ ਸਾਡੇ ਗੁਰੂ ਕੋਲ ਚਲੀਏ, ਭਾਵੇਂ ਉਹ ਨਕਲੀ ਗੁਰੂ ਹੋਵੇ ਪਰ ਜਿਹੜਾ ਤੁਹਾਡੇ ਵਿੱਚੋਂ ਸੱਚੇ ਗੁਰੂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨਾਲ ਆਪ ਜੁੜਿਆ ਹੈ ਤੇ ਨਾਲ ਸੰਗਤਾਂ ਨੂੰ ਵੀ ਜੋੜਦਾ ਹੈ, ਉਸ ਨੂੰ ਫਿਰ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨ ਦਾ ਫਲ ਪ੍ਰਾਪਤ ਹੁੰਦਾ ਹੈ। ਦਾਸ ਬੇਨਤੀ ਕਰਦਾ ਹੈ, ਤੁਸੀਂ ਜਿੰਨਿਆਂ ਨੂੰ ਜੋੜਦੇ ਹੋ, ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਤੁਹਾਡਾ ਜੋੜਿਆ ਬਿਰਥਾ ਨਹੀਂ ਜਾਣ ਦੇਣਗੇ, ਉਸਦਾ 10% ਹਿੱਸਾ ਤੁਹਾਡੇ ਖਾਤੇ ਵਿੱਚ ਪਾਈ ਜਾਣਗੇ। ਤੁਹਾਡੀ ਸੰਗਤ ਦਾ ਹੀ ਬੱਚਾ ਹੈ, ਭਾਈ ਅਮਨਦੀਪ ਸਿੰਘ। ਕੁਝ ਚਿਰ ਪਹਿਲਾਂ ਇਸ ਤੋਂ ਆਸਟ੍ਰੇਲੀਆ ਵਾਹਿਗੁਰੂ ਨੇ ਕੀਰਤਨ ਦੀ ਸੇਵਾ ਲਈ ਹੈ। ਪਤਾ ਨਹੀਂ ਕਿੰਨਿਆਂ ਕੁ ਨੇ ਪ੍ਰਣ ਕਰ ਲਿਆ, ਅੱਜ ਤੋਂ ਮੀਟ ਖਾਣਾ ਛੱਡਿਆ। ਕਿੰਨਿਆਂ ਕੁ ਨੇ ਪ੍ਰਣ ਕਰ ਲਿਆ, ਸ਼ਰਾਬ ਛੱਡੀ। ਕਿੰਨਿਆਂ ਨੇ ਹੀ ਪ੍ਰਣ ਕਰ ਲਿਆ, ਅੱਜ ਤੋਂ ਬਾਅਦ ਦਸਤਾਰ ਸਜਾਵਾਂਗੇ। ਕਿੰਨਿਆਂ ਨੇ ਹੀ ਪ੍ਰਣ ਕਰ ਲਿਆ, ਅੱਜ ਤੋਂ ਬਾਅਦ ਕੇਸ ਨਹੀਂ ਕਟਾਂਗੇ ਜਾਂ ਕੇਸਾਂ ਦੀ ਕਿਸੇ ਪ੍ਰਕਾਰ ਬੇਅਦਬੀ ਨਹੀਂ ਕਰਾਂਗੇ ਤੇ ਕੀ ਗੁਰੂ

ਸਾਹਿਬ ਇਸ ਬੱਚੇ ਤੇ ਕਿਰਪਾ ਨਹੀਂ ਕਰਨਗੇ। ਸਤਿਸੰਗਤ ਵਿੱਚ ਆ ਕੇ ਇਹੀ ਸਿੱਖਣਾ ਹੈ ਕਿ ਸਿੱਖ ਕਿਤੇ ਹਉਮੈ ਵਿੱਚ ਨਾ ਆ ਜਾਵੇ, ਗਰੀਬੀ ਧਾਰਨ ਕਰੀ ਰੱਖੇ। ਗੁਰੂ ਸਾਹਿਬ ਇੱਕ ਤਿਲ ਜਿੰਨੀ ਘਾਲਣਾ ਬਿਰਥੀ ਨਹੀਂ ਜਾਣ ਦਿੰਦੇ। ਅਜਾਇਆਂ ਨਹੀਂ ਜਾਣ ਦਿੰਦੇ। ਜਿੰਨੀਆਂ ਸੰਗਤਾਂ ਬੈਠੀਆਂ ਹਨ, ਸਭ ਨੂੰ ਬੇਨਤੀ ਹੈ ਕਿ ਅਸੀਂ ਸਭ ਆਪਣੀ ਡਿਊਟੀ ਸਮਝ ਕੇ ਪ੍ਰਚਾਰਕ ਬਣੀਏ। ਦਾਸ ਇੱਥੋਂ ਤੱਕ ਬੇਨਤੀ ਕਰਦਾ ਹੈ, ਸਾਲ ਵਿੱਚ ਘੱਟੋ-ਘੱਟ ਦੋ (ਸਰੀਰਾਂ) ਨੂੰ ਹੀ ਪ੍ਰੇਰਨਾ ਦੇ ਕੇ ਨਿਗੁਰਿਆਂ ਨੂੰ ਗੁਰੂ ਵਾਲਾ ਬਣਾ ਦਿਓ, ਸਾਧ ਸੰਗਤ ਜੀ, ਦਾਸ ਗੁਰੂ ਸਾਹਿਬ ਦੇ ਭਰੋਸੇ ਤੇ ਬੇਨਤੀ ਕਰਦਾ ਹੈ ਗੁਰੂ ਸਾਹਿਬ ਤੁਹਾਡੀ ਝੋਲੀ ਵਿੱਚ ਵੀ ਵਿਸ਼ੇਸ਼ ਖੁਸ਼ੀਆਂ ਪਾਉਣਗੇ :

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥*

*(ਅੰਗ ੩੦੬)*

ਆਹ ਸਿੱਖੀ ਹੈ। ਧੰਨ ਗੁਰੂ ਅਰਜਨ ਦੇਵ ਜੀ ਦਾ ਬਚਨ ਹੈ, ਜੋ ਉਨ੍ਹਾਂ ਨੇ ਧੰਨ ਗੁਰੂ ਰਾਮਦਾਸ ਜੀ ਸੱਚੇ ਪਾਤਸ਼ਾਹ ਜੀ ਦੇ ਮੁਖਾਰਬਿੰਦ ਤੋਂ ਸੁਣਿਆ ਤੇ ਸੰਗਤ ਵਿੱਚ ਸਰਵਣ ਕਰਵਾਇਆ। ਮਹਾਰਾਜ ਜੀ ਕਹਿਣ ਲੱਗੇ, ਗੁਰੂ ਨਾਨਕ ਮਹਾਰਾਜ ਜੀ ਤੋਂ ਵੱਡਾ ਗੁਰੂ ਕੋਈ ਨਹੀਂ। ਨਾਲ ਬਚਨ ਕੀਤਾ, ਸਾਨੂੰ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਨੇ ਦੱਸਿਆ ਹੈ, ਤੀਰਥਾਂ ਵਿੱਚ ਸ੍ਰੀ ਹਰਿਮੰਦਰ ਸਾਹਿਬ ਤੋਂ ਵੱਡਾ ਤੀਰਥ ਕੋਈ ਨਹੀਂ। ਤੇ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਜੀ ਨੇ ਇਹ ਵੀ ਕਿਹਾ ਸੀ, ਇਸ ਤੀਰਥ ਦੀ ਸੇਵਾ ਸਾਡੇ ਸਰੀਰ ਦੀ ਸੇਵਾ ਜਾਣ ਕੇ ਕਰਨੀ । ਇਸ ਤੀਰਥ ਦੇ ਦਰਸ਼ਨਾਂ ਦਾ ਮਹਾਤਮ, ਹਕੀਕੀ ਪਿਆਰ ਵਾਲਿਆਂ ਨੂੰ ਸਾਡੇ ਪ੍ਰਤੱਖ ਦਰਸ਼ਨਾਂ ਦਾ ਮਹਾਤਮ ਪ੍ਰਾਪਤ ਹੋਵੇਗਾ। ਸੰਗਤ ਜੀ ਵਿਲ ਪਾਵਰ ਰੱਖਣਾ। ਧੰਨ ਗੁਰੂ ਰਾਮਦਾਸ ਜੀ ਮਹਾਰਾਜ ਨੇ ਕਿਹਾ, ਧੰਨ ਗੁਰੂ ਅਰਜਨ ਦੇਵ ਜੀ ਨੂੰ ਤੇ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਸੁਣਾ ਰਹੇ ਹਨ, ਸੰਗਤਾਂ ਨੂੰ ਕਿ ਧੰਨ ਗੁਰੂ ਨਾਨਕ ਮਹਾਰਾਜ ਜੀ ਤੋਂ ਵੱਡਾ ਗੁਰੂ ਕੋਈ ਨਹੀਂ। ਤੁਸੀਂ ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਸੇਵਕ ਬਣੋ। ਇਕੱਲੇ-ਇਕੱਲੇ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨਾਲ ਜੋੜੋ। ਗੁਰਬਾਣੀ ਨਾਲ ਜੋੜੋ। ਸਿਮਰਨ ਨਾਲ ਜੋੜੋ। ਇਹ ਭਾਈ ਸਾਈਂ ਦਾਸ ਜੀ ਮੂਲੇ ਪਿੰਡ ਤੋਂ ਸੰਗਤਾਂ ਲੈ ਕੇ ਛੇਵੇਂ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਆਏ। ਕੋਈ ਸੌਖਾ ਨਹੀਂ। ਉਸ ਵੇਲੇ ਗੱਡੇ ਹੁੰਦੇ ਸੀ, ਆਉਣ-ਜਾਣ ਦਾ ਸਾਧਨ ਇਹੀ ਸੀ। ਸੰਗਤਾਂ ਨੂੰ ਪ੍ਰੇਰਨਾ ਦੇਣੀ, ਸੰਗਤਾਂ ਨੂੰ ਗੱਡਿਆਂ ਤੇ ਬਿਠਾਉਣਾ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਲੈ ਕੇ ਆਉਣਾ। ਸਾਈਂ ਦਾਸ ਜੀ ਬੈਠੇ ਹਨ, ਸੰਗਤ ਵੀ ਬੈਠੀ ਹੈ, ਛੇਵੇਂ ਪਾਤਸ਼ਾਹ ਜੀ ਦਰਸ਼ਨ ਦੇ ਰਹੇ ਹਨ। ਇੱਕ ਨੌਜਵਾਨ ਬੈਠਾ ਹੈ ਸੰਗਤ ਵਿੱਚ ਤੇ ਕਈ ਰਾਈਟਰਾਂ ਨੇ ਲਿਖਿਆ ਹੈ, ਕੱਪੜੇ ਸਾਦੇ। ਕਈਆਂ ਨੇ ਮੈਲੇ ਲਿਖਿਆ ਹੈ। ਸਮਝ ਲਓ, ਕੁਝ ਵੀ। ਬਿਲਕੁਲ ਸਾਦੇ ਕੱਪੜੇ ਪਾਏ ਹੋਏ ਹਨ। ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਨਿਗ੍ਹਾ ਸੰਗਤ ਵਿੱਚ ਉਸ ਲੜਕੇ ਤੇ ਪੈ ਗਈ। ਛੇਵੇਂ ਪਾਤਸ਼ਾਹ ਜੀ ਦੀ ਜਦੋਂ ਨਿਗ੍ਹਾ ਉਸ ਲੜਕੇ ਤੇ ਪਈ ਤੇ ਮਹਾਰਾਜ ਜੀ ਕਹਿਣ ਲੱਗੇ, ਕੱਪੜੇ ਤੇ ਸਾਦੇ ਹਨ ਪਰ ਗੋਦੜੀ ਵਿੱਚ ਲਾਲ ਛੁਪਿਆ ਹੋਇਆ ਹੈ। ਚਿਹਰੇ ਤੇ ਨਾਮ ਦੀ ਲਾਲੀ ਹੈ। ਬੰਦਗੀ ਵਾਲਾ ਪੁਰਖ ਹੈ। ਉਸ ਨੌਜਵਾਨ ਸਿੱਖ ਨੂੰ ਪੁੱਛਿਆ, ਤੇਰੇ ਨਾਲ ਕੋਈ ਆਇਆ ਹੈ। ਉਹ ਕਹਿਣ ਲੱਗਾ, ਜੀ ਸੱਚੇ ਪਾਤਸ਼ਾਹ, ਮੇਰੇ ਪਿਤਾ ਜੀ ਨਾਲ ਆਏ ਹਨ। ਪਿਤਾ ਜੀ ਕਿੱਥੇ ਹਨ? ਮਹਾਰਾਜ ਜੀ ਪੁੱਛਣ ਲੱਗੇ, ਉਹ ਵੀ ਖੜ੍ਹੇ ਹੋ ਜਾਓ। ਜਦੋਂ ਪਿਤਾ ਵੀ ਖੜ੍ਹਾ ਹੋ ਗਿਆ, ਉਹ ਨੌਜਵਾਨ ਵੀ ਖੜ੍ਹਾ ਹੋ ਗਿਆ ਤੇ ਮਹਾਰਾਜ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਸਿੰਘਾਸਨ ਤੇ ਸਜੇ ਹੋਏ ਉਸ ਨੌਜਵਾਨ ਨੂੰ ਕੋਲ ਬੁਲਾ ਕੇ ਪੁੱਛਦੇ ਹਨ, ਬੱਚਿਆ ਤੇਰਾ ਨਾਂ ਕੀ ਹੈ? ਤੇ ਬੱਚਾ ਇੰਨਾ ਭੋਲਾ ਸੀ ਕਿ ਸਾਧ ਸੰਗਤ ਜੀ,

ਆਪਣਾ ਨਾਂ ਦੱਸਣ ਲੱਗਿਆਂ ਅੰਦਰ ਇੰਨੀ ਖੁਸ਼ੀ, ਇੰਨਾ ਚਾਅ ਕਿ ਇੰਨੇ ਵੱਡੇ ਗੁਰੂ ਨੇ ਮੈਨੂੰ ਬੁਲਾ ਲਿਆ ਹੈ। ਖੁਸ਼ੀ ਦੀ ਹੱਦ ਹੀ ਨਹੀਂ ਸੀ। ਉਹ ਅਜੇ ਬੋਲਿਆ ਨਹੀਂ ਤੇ ਪਿਤਾ ਬੋਲ ਪਿਆ। ਕਹਿਣ ਲੱਗਾ, ਸਤਿਗੁਰੂ ਜੀ, ਮੇਰਾ ਨਾਮ ਧਰਮਾ ਹੈ ਤੇ ਮੇਰੇ ਪੁੱਤਰ ਦਾ ਨਾਮ ਸਾਧੂ ਹੈ। ਮੂਲੇ ਪਿੰਡ ਦੇ ਹਾਂ ਤੇ ਭਾਈ ਸਾਈਂ ਦਾਸ ਜੀ ਨੇ ਸਾਨੂੰ ਜੋੜਿਆ ਹੈ, ਗੁਰੂ ਨਾਨਕ ਮਹਾਰਾਜ ਜੀ ਦੇ ਚਰਨਾਂ ਨਾਲ, ਇਸ ਦਰ ਨਾਲ। ਤੇ ਧੰਨ ਗੁਰੂ ਹਰਿਗੋਬਿੰਦ ਸਾਹਿਬ ਕਹਿਣ ਲੱਗੇ, ਭਾਈ ਧਰਮਾ ਜੀ, ਜੇ ਅਸੀਂ ਤੇਰੇ ਕੋਲੋਂ ਇੱਕ ਚੀਜ਼ ਮੰਗੀਏ, ਦੇਵੇਂਗਾ? ਕਹਿਣ ਲੱਗਾ, ਮਹਾਰਾਜ ਜੀ, ਤੁਸੀਂ ਮਾਲਕ ਹੋ। ਮੈਂ ਮੰਗਤਾ ਹਾਂ। ਅਤਿ ਗਰੀਬ ਪਰਿਵਾਰ। ਤੁਸੀਂ ਜੋ ਕਹੋਗੇ, ਮੈਂ ਸਤਿ ਬਚਨ ਕਰਕੇ ਮੰਨਾਂਗਾ। ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਕਹਿਣ ਲੱਗੇ, ਭਾਈ ਧਰਮਾ, ਮੈਂ ਆਪਣੀ ਬੱਚੀ ਵੀਰੋ ਲਈ ਇਸ ਬੱਚੇ ਭਾਈ ਸਾਧੂ ਦਾ ਤੇਰੇ ਕੋਲੋਂ ਰਿਸ਼ਤਾ ਮੰਗਦਾ ਹਾਂ। ਵੇਖੋ, ਸਾਡੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਰਿਸ਼ਤੇ ਕਿਵੇਂ ਕਰਦੇ ਹਨ? ਉਹ ਕਹਿਣ ਲੱਗਾ, ਮਹਾਰਾਜ ਜੀ, ਮੈਂ ਤਾਂ ਅਤਿ ਗਰੀਬ ਹਾਂ। ਮੇਰੇ ਪੁੱਤਰ ਦਾ ਆਪ ਜੀ ਦੀ ਬੱਚੀ, ਬੀਬੀ ਵੀਰੋ ਜੀ ਨਾਲ ਰਿਸ਼ਤਾ, ਇੰਨੇ ਵੱਡੇ ਘਰ ਨਾਲ ਰਿਸ਼ਤਾ। ਮੈਂ ਗਰੀਬ ਹਾਂ, ਮਹਾਰਾਜ ਜੀ। ਦਾਸ ਹੈਰਾਨ ਰਹਿ ਗਿਆ। ਇਤਿਹਾਸ ਵਿੱਚ ਭਾਈ ਚਰਨ ਸਿੰਘ (ਐਮ.ਏ.) ਤੇ ਹੋਰ ਰਾਈਟਰਾਂ ਨੇ ਲਿਖਿਆ ਹੈ, ਛੇਵੇਂ ਪਾਤਸ਼ਾਹ ਜੀ ਕਹਿਣ ਲੱਗੇ, ਸਾਰੀ ਧਰਤੀ ਤੇ ਇੱਕ ਸ਼ਾਹੂਕਾਰ ਪਰਮਾਤਮਾ ਹੀ ਹੈ। ਭਾਈ ਧਰਮਾ ਕਹਿੰਦਾ ਹੈ ਕਿ ਮੈਂ ਗਰੀਬ ਹਾਂ ਪਰ ਛੇਵੇਂ ਪਾਤਸ਼ਾਹ ਜੀ ਕਹਿਣ ਲੱਗੇ, ਸਾਰੀ ਧਰਤੀ ਤੇ ਇੱਕ ਸ਼ਾਹੂਕਾਰ ਪਰਮਾਤਮਾ ਹੀ ਹੈ ਤੇ ਭਾਈ ਧਰਮਾ, ਤੇਰੇ ਪੁੱਤਰ ਦੇ ਚਿਹਰੇ ਤੇ ਉਸ ਪਰਮਾਤਮਾ ਦਾ ਨੂਰ ਨਜ਼ਰ ਆ ਰਿਹਾ ਹੈ, ਉਹ ਪਰਮਾਤਮਾ ਸ਼ਾਹੂਕਾਰ ਹੈ ਤੇ ਜਿਸ ਕੋਲ ਉਸ ਦਾ ਨੂਰ ਹੋਵੇ, ਬੰਦਗੀ ਹੋਵੇ, ਉਹ ਵੀ ਸ਼ਾਹੂਕਾਰ ਹੀ ਹੁੰਦਾ ਹੈ। ਤੇਰੇ ਪੁੱਤਰ ਦੇ ਚਿਹਰੇ ਤੇ ਪਰਮਾਤਮਾ ਦਾ ਨੂਰ ਹੈ। ਵੇਖੋ ਮਹਾਰਾਜ ਜੀ ਨੇ ਉਸ ਨੂੰ ਫਿਰ ਮਾਣ ਦਿੱਤਾ, ਵਡਿਆਈ ਦਿੱਤੀ। ਮਹਾਰਾਜ ਜੀ ਕਹਿਣ ਲੱਗੇ, ਅਸੀਂ ਤੇਰੇ ਪੁੱਤਰ ਦਾ ਰਿਸ਼ਤਾ ਮੰਗਦੇ ਹਾਂ, ਆਪਣੀ ਬੱਚੀ ਲਈ। ਉਹ ਕਹਿਣ ਲੱਗਾ, ਮਹਾਰਾਜ ਜੀ, ਮੇਰੇ ਲਈ ਇਸ ਤੋਂ ਵੱਡੀ ਹੋਰ ਕਿਹੜੀ ਖੁਸ਼ੀ ਹੋ ਸਕਦੀ ਹੈ।

ਬੜੀ ਵੱਡੀ ਰਮਜ਼ ਦੀ ਗੱਲ ਛੇਵੇਂ ਪਾਤਸ਼ਾਹ ਜੀ ਨੇ ਕਹੀ। ਕਹਿਣ ਲੱਗੇ, ਸਭ ਤੋਂ ਵੱਡਾ ਪਰਮਾਤਮਾ ਹੈ। ਪਰਮਾਤਮਾ ਦੀ ਜਿਸ ਕੋਲ ਬੰਦਗੀ ਹੈ, ਨੂਰ ਹੈ, ਅਸਲੀ ਅਮੀਰ ਉਹ ਹੈ। ਹੁਣ ਦਾਸ ਨੂੰ ਬੋਲਣਾ ਪੈ ਰਿਹਾ ਹੈ। ਮਾਤਾ ਦਮੋਦਰੀ ਜੀ, ਬੱਚੀ ਵੀਰੋ ਜੀ ਦੇ ਮਾਤਾ ਜੀ, ਉਨ੍ਹਾਂ ਨੇ ਥੋੜ੍ਹਾ ਜਿਹਾ ਕਿਹਾ, ਇਹ ਤਾਂ ਬਹੁਤ ਗਰੀਬ ਹਨ ਤੇ ਤੁਸੀਂ ਕਿੱਥੇ ਬੱਚੀ ਨੂੰ ਵਿਆਹ ਰਹੇ ਹੋ। ਇਹ ਕਿਵੇਂ ਕਰ ਰਹੇ ਹੋ? ਹੁਣ ਛੇਵੇਂ ਪਾਤਸ਼ਾਹ ਜੀ ਦਾ ਜਵਾਬ ਸੁਣਨਾ। ਦਾਸ ਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਸਾਡੇ ਲਈ ਇਹ ਸਾਖੀ ਇੱਕ ਮਾਰਗ ਦਰਸ਼ਨ ਹੈ। ਛੇਵੇਂ ਪਾਤਸ਼ਾਹ ਜੀ ਕਹਿਣ ਲੱਗੇ, ਆਪਣੇ ਮਹਿਲਾਂ ਨੂੰ, ਦਮੋਦਰੀ ਜੀ, ਇਸ ਬੱਚੇ ਦੀ ਤੁਸੀਂ ਦੁਨਿਆਵੀਂ ਮਾਇਆ ਨਾ ਵੇਖੋ। ਇਸ ਬੱਚੇ ਦੇ ਕਰਮਾਂ ਵਿੱਚ ਗੁਰੂ ਸਾਹਿਬ ਦੇ ਪਿਆਰ ਦੀ ਬਖਸ਼ਿਸ਼ ਹੈ, ਉਹ ਸਾਨੂੰ ਸਭ ਤੋਂ ਵੱਡੀ ਨਜ਼ਰ ਆਈ ਹੈ। ਗੁਰਮਤਿ ਵੱਡੀ ਹੈ। ਨਿਰੀ ਮਾਇਆ ਵੱਡੀ ਨਹੀਂ। ਇਹ ਸਾਰੀ ਸੰਗਤ ਪ੍ਰੇਰਨਾ ਲੈਣਾ। ਮਾਫੀ ਦੇ ਦੇਣੀ। ਸਾਡੀ ਵੀ ਆਪਣੇ ਬੱਚਿਆਂ ਦਾ ਰਿਸ਼ਤਾ ਕਰਨ ਵੇਲੇ ਜੇ ਸੋਚ ਮਾਇਆ ਤੱਕ ਬਣੇ, ਕੋਠੀਆਂ ਤੱਕ ਬਣੇ, ਕਾਰਾਂ ਤੱਕ ਬਣੇ, ਗੱਲ ਕੁਝ ਹੋਰ ਹੈ ਤੇ ਜੇ ਨਾਲ ਇਹ ਸੋਚ ਬਣੇ ਕਿ ਜਿਸ ਬੱਚੇ ਜਾਂ ਬੱਚੀ ਨਾਲ ਰਿਸ਼ਤਾ ਹੋ ਰਿਹਾ ਹੈ, ਉਸ ਅੰਦਰ ਗੁਰਮਤਿ ਕਿੰਨੀ ਹੈ ਤੇ ਸਮਝ ਲਓ, ਛੇਵੇਂ ਪਾਤਸ਼ਾਹ ਜੀ ਦੀ ਸਿੱਖਿਆ ਹਕੀਕਤ ਵਿੱਚ ਸਾਡੇ ਘਰ ਆ ਗਈ ਹੈ। ਦਾਸ ਨੂੰ ਯਾਦ ਹੈ। ਦਾਸ ਨੂੰ ਲੁਧਿਆਣੇ ਤੋਂ ਇੱਕ ਵਾਰੀ ਫੋਨ ਆਇਆ। ਇਹ ਸੱਤ-ਅੱਠ ਸਾਲ ਪਹਿਲਾਂ ਦੀ

ਗੱਲ ਹੈ। ਦਾਸ ਨੂੰ ਕਹਿਣ ਲੱਗੇ, ਅੰਮ੍ਰਿਤਸਰ ਇੱਕ ਲੜਕਾ ਹੈ। ਸਾਡੀ ਬੇਟੀ ਦਾ ਉਸ ਨਾਲ ਰਿਸ਼ਤਾ ਕਰਵਾ ਦਿਓ ਤੇ ਦਾਸ ਨੇ ਫੋਨ ਤੇ ਹੀ ਕਿਹਾ, ਤੁਸੀਂ ਕਿੱਥੇ ਤੇ ਉਹ ਕਿੱਥੇ। ਦਾਸ ਮੁੰਡੇ ਵਾਲਿਆਂ ਨੂੰ ਜਾਣਦਾ ਸੀ। ਦਾਸ ਨੇ ਕਿਹਾ ਕਿ ਤੁਸੀਂ ਕਿੱਥੇ ਤੇ ਉਹ ਕਿੱਥੇ? ਉਹ ਕਹਿਣ ਲੱਗੇ, ਕਿਉਂ? ਦਾਸ ਨੇ ਕਿਹਾ ਕਿ ਤੁਹਾਡੇ ਘਰ ਦੇ ਪੰਜ ਮੈਂਬਰ ਹਨ ਤੇ ਪੰਜਾਂ ਕੋਲ ਵੱਖਰੀ-ਵੱਖਰੀ ਕਾਰ ਹੈ। ਤੁਹਾਡੇ ਕੋਲ ਅੱਠ-ਅੱਠ, ਦਸ-ਦਸ ਲੱਖ ਦੀ ਇਕੱਲੇ-ਇਕੱਲੇ ਮੈਂਬਰ ਕੋਲ ਕਾਰ ਹੈ ਤੇ ਉਸ ਲੜਕੇ ਕੋਲ ਸਕੂਟਰ ਹੈ ਤੇ ਸਕੂਟਰ ਤੇ ਹੀ ਆਉਂਦਾ ਜਾਂਦਾ ਹੈ। ਘਰ ਦੀ ਨਾਰਮਲ ਅਵਸਥਾ ਹੈ, ਤੁਹਾਡਾ ਉਨ੍ਹਾਂ ਨਾਲ ਕੀ ਮੇਲ। ਦਾਸ ਨੂੰ ਲੁਧਿਆਣੇ ਤੋਂ ਉਸ ਲੜਕੀ ਦੇ ਪਿਤਾ ਨੇ ਇੱਕ ਗੱਲ ਕਹੀ ਕਿ ਇਹ ਸਾਨੂੰ ਵੀ ਪਤਾ ਹੈ ਕਿ ਆਰਥਿਕ ਪੱਖੋਂ ਬੱਚਾ ਕਮਜ਼ੋਰ ਹੈ, ਉਸ ਕੋਲ ਸਕੂਟਰ ਹੈ। ਸਾਡੇ ਕੋਲ ਕੋਠੀਆਂ ਹਨ, ਕਾਰਾਂ ਹਨ ਪਰ ਸਾਨੂੰ ਇੱਕ ਗੱਲ ਹੋਰ ਪਤਾ ਲੱਗੀ ਹੈ। ਦਾਸ ਨੇ ਪੁੱਛਿਆ ਕਿ ਉਹ ਕੀ? ਉਹ ਕਹਿਣ ਲੱਗੇ, ਸਾਨੂੰ ਇਹ ਪਤਾ ਲੱਗਾ ਹੈ ਕਿ ਲੜਕੇ ਨੂੰ ਜਾਪੁ ਸਾਹਿਬ ਦਾ ਪਾਠ ਜ਼ਬਾਨੀ ਕੰਠ ਹੈ। ਜਾਪੁ ਸਾਹਿਬ ਦਾ ਜ਼ਬਾਨੀ ਕੰਠ ਕਰਨਾ ਔਖਾ ਹੁੰਦਾ ਹੈ। ਕਹਿਣ ਲੱਗੇ, ਜਿਸ ਬੱਚੇ ਦੀ ਲਗਨ ਗੁਰਬਾਣੀ ਵੱਲ ਹੈ, ਸ੍ਰੀ ਜਾਪੁ ਸਾਹਿਬ ਜਿਸਨੂੰ ਜ਼ਬਾਨੀ ਕੰਠ ਹੈ, ਜਿਸ ਕੋਲ ਬਾਣੀ ਹੈ, ਗੁਰਮਤਿ ਹੈ, ਉਸ ਕੋਲ ਕਾਰਾਂ ਵੀ ਆ ਜਾਣਗੀਆਂ। ਇਹ ਕੀ ਹੈ? ਉਹ ਪਰਿਵਾਰ ਦੇ ਦਿਮਾਗ ਵਿੱਚ ਨਿਰਾ ਕੋਠੀਆਂ ਕਾਰਾਂ ਨਹੀਂ, ਉਸ ਪਰਿਵਾਰ ਦੇ ਦਿਮਾਗ ਵਿੱਚ ਇਹ ਵੀ ਹੈ, ਘਰ ਵਿੱਚ ਗੁਰਮਤਿ ਕਿੰਨੀ ਹੈ, ਗੁਰੂ ਦੀ ਮੱਤ ਤੇ ਕਿਤਨਾ ਕੁ ਪਹਿਰਾ ਹੈ, ਇਹ ਸੜਕਾਂ ਹਨ। ਜੇ ਇਸ ਅੰਕ ਵਿੱਚ ਨਵਾਂ ਪ੍ਰਕਰਨ ਸ਼ੁਰੂ ਹੋਇਆ ਹੈ, ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ, ਇਸ ਵਿੱਚੋਂ ਇਹ ਗੁਣ ਲੈਣੇ ਹਨ। ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਮਾਲਕ ਹਨ ਪਰ ਲੜਕਾ ਕਿਵੇਂ ਲੱਭ ਰਹੇ ਹਨ? ਸੰਗਤ ਵਿੱਚੋਂ ਹੀ ਲੜਕਾ ਦੇਖਿਆ ਤੇ ਜੇ ਸਤਿਗੁਰਾਂ ਦੇ ਮਹਿਲ ਕਹਿੰਦੇ ਵੀ ਹਨ ਕਿ ਪਰਿਵਾਰ ਗਰੀਬ ਹੈ। ਛੇਵੇਂ ਪਾਤਸ਼ਾਹ ਜੀ ਕਹਿਣ ਲੱਗੇ, ਅਸੀਂ ਇਸ ਦੇ ਚਿਹਰੇ ਤੇ ਗੁਰੂ ਦੀ ਪ੍ਰੀਤ ਵਾਲੀ ਲਾਲੀ ਵੇਖੀ ਹੈ, ਗੁਰੂ ਨਾਨਕ ਸਾਹਿਬ ਜੀ ਦੇ ਚਰਨਾਂ ਨਾਲ ਪ੍ਰੀਤ ਵਾਲਾ ਰੰਗ ਵੇਖਿਆ ਹੈ ਤੇ ਤੁਸੀਂ ਅਗਲੀ ਗੱਲ ਸੁਣ ਕੇ ਹੈਰਾਨ ਹੋ ਜਾਓਗੇ, ਜਿਹੜੀ ਛੇਵੇਂ ਪਾਤਸ਼ਾਹ ਜੀ ਨੇ ਕਹੀ, ਕਹਿੰਦੇ, ਦਮੋਦਰੀ ਜੀ, ਇਸ ਬੱਚੇ ਤੇ ਨਾਮ ਬੰਦਗੀ ਦੀ ਇੰਨੀ ਕਿਰਪਾ ਹੈ ਕਿ ਇਹ ਬੱਚਾ ਗੁਰੂ ਨਾਨਕ ਸਾਹਿਬ ਦੀ ਕ੍ਰਿਪਾ ਨਾਲ ਆਪਣੀ ਕੁੱਲ ਨੂੰ ਤਾਰ ਦੇਵੇਗਾ। ਕੈਸੇ ਸਾਡੇ ਪਿਤਾ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਹਨ। ਕੈਸੇ ਸਾਡੇ ਗਰੀਬ ਨਿਵਾਜ ਸੱਚੇ ਪਾਤਸ਼ਾਹ ਜੀ ਹਨ। ਕਿੰਨੀਆਂ ਸਾਨੂੰ ਉੱਤਮ ਸੜਕਾਂ ਦਿੱਤੀਆਂ ਹਨ। ਕੈਸੇ ਸਾਨੂੰ ਸਾਧ ਸੰਗਤ ਜੀ ਰਸਤੇ ਬਖਸ਼ੇ ਹਨ।

ਬੀਬੀ ਵੀਰੋ ਜੀ ਦਾ ਕੁਝ ਸਮੇਂ ਬਾਅਦ ਰਿਸ਼ਤਾ ਹੋ ਗਿਆ। ਵਿਆਹ ਸਮੇਂ ਦਾ ਜ਼ਿਕਰ ਤਾਂ ਤੁਸੀਂ ਸੁਣਿਆ ਹੀ ਹੈ, ਸੰਗਤ ਕਾਬਲ ਤੋਂ ਆ ਗਈ ਸੀ ਤੇ ਛੇਵੇਂ ਪਾਤਸ਼ਾਹ ਜੀ ਨੇ ਮਠਿਆਈ ਮੰਗਵਾਈ ਸੀ ਤੇ ਮਾਤਾ ਦਮੋਦਰੀ ਜੀ ਨੇ ਨਾਂਹ ਕਰ ਦਿੱਤੀ ਕਿ ਇਹ ਮਠਿਆਈ ਬਰਾਤ ਲਈ ਹੈ। ਸੰਗਤ ਲਈ ਨਹੀਂ। ਵੇਖੋ, ਸਤਿਗੁਰੂ ਜੀ ਨੇ ਤੁਹਾਨੂੰ ਸੰਗਤ ਨੂੰ ਕਿੰਨਾ ਉੱਚਾ ਰੱਖਿਆ ਹੈ। ਸਤਿਗੁਰੂ ਜੀ ਦੇ ਮੁੱਖ ਵਿੱਚੋਂ ਨਿਕਲ ਗਿਆ ਸੀ ਕਿ ਜੇ ਮੇਰੀ ਸੰਗਤ ਨੂੰ ਨਾਂਹ ਕਰ ਦਿੱਤੀ ਹੈ ਤੇ ਇਹ ਮਠਿਆਈ ਤੁਰਕ ਖਾਣਗੇ ਤੇ ਨਾਲੇ ਪੈਰਾਂ ਥੱਲੇ ਰੋਲਣਗੇ। ਇਹ ਫਿਰ ਬਚਨ ਪੂਰਾ ਹੋਇਆ ਸੀ ਜਦੋਂ ਪਹਿਲੀ ਜੰਗ ਹੋਈ, ਲੋਹਗੜ੍ਹ ਸਾਹਿਬ ਵਿਖੇ। ਉਧਰ ਬਰਾਤ, ਉਧਰ ਜੰਗ। ਕੈਸੇ ਸਾਡੇ ਗੁਰੂ ਸਾਹਿਬ ਹਨ। ਇਹ ਦਾਸ ਦੱਸਣਾ ਭੁੱਲ ਗਿਆ ਹੈ ਕਿ ਬੀਬੀ ਵੀਰੋ ਜੀ ਦਾ ਆਗਮਨ ਵੀ ਗੁਰੂ ਕੇ ਮਹਿਲ, ਸ੍ਰੀ ਅੰਮ੍ਰਿਤਸਰ ਸਾਹਿਬ ਹੀ ਹੋਇਆ ਹੈ। ਮਹਾਰਾਜ ਜੀ ਨੇ ਫਿਰ ਸਾਰੇ ਪਰਿਵਾਰ ਨੂੰ ਝਬਾਲ ਭੇਜਿਆ ਜਿੱਥੇ ਗੁਰੂ ਸਾਹਿਬ ਦਾ ਬੜਾ ਪਿਆਰਾ ਸਿੱਖ

ਸੀ, ਭਾਈ ਲੰਗਾਹਾ। ਇਸ ਦਾ ਜ਼ਿਕਰ ਕੁਝ ਇਸ਼ਾਰਾ ਮਾਤਰ ਦਾਸ ਦੱਸ ਦੇਵੇ ਕਿ ਇਹ ਸਖੀ ਸਰਵਰਾਂ ਨੂੰ ਮੰਨਣ ਵਾਲਾ ਸੀ ਤੇ ਤਿੰਨ ਲੱਖ ਦੀ ਪੱਤੀ ਸੀ, ਪੱਟੀ ਵਿੱਚ। ਉਸ ਵੇਲੇ ਦਾ ਤਿੰਨ ਲੱਖ, ਅੱਜ ਦਾ ਤੁਸੀਂ ਅਰਬਾਂ ਤੋਂ ਉੱਤੇ ਲਗਾ ਲਓ। ਇੰਨਾ ਸ਼ਾਹੂਕਾਰ ਸੀ ਤੇ ਰੋਗੀ ਹੋ ਗਿਆ ਸੀ। ਤਰਨ ਤਾਰਨ ਸਾਹਿਬ, ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਕਿਰਪਾ ਹੋਈ ਸੀ। ਉਸ ਤੋਂ ਬਾਅਦ ਗੁਰੂ ਘਰ ਨਾਲ ਜੁੜ ਗਿਆ ਸੀ। ਚੰਗਾ ਧਨਾਢ ਸਿੱਖ ਸੀ। ਕਿੰਨੇ ਕਿੱਲੇ ਜ਼ਮੀਨ, ਪੱਟੀ ਦੀ। ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਸ ਭਾਈ ਲੰਗਾਹ ਨੂੰ ਹੁਕਮ ਭੇਜਿਆ ਕਿ ਝਬਾਲ ਵਿਖੇ ਸਾਡੀ ਬੱਚੀ ਵੀਰੋ ਦੀ ਸ਼ਾਦੀ ਕਰਨੀ ਹੈ ਤੇ ਸਾਰੀ ਤਿਆਰੀ ਕਰਨ ਦੀ ਜ਼ਿੰਮੇਵਾਰੀ ਤੁਹਾਡੀ ਹੈ। ਅਸੀਂ ਬਚਨ ਕਰਦੇ ਹਾਂ, ਬਰਾਤ ਪਹੁੰਚਣ ਵੇਲੇ ਤੱਕ ਅਸੀਂ ਵੀ ਪਹੁੰਚ ਜਾਵਾਂਗੇ ਪਰ ਤੁਸੀਂ ਇਸ ਤੋਂ ਪਹਿਲਾਂ ਸਾਰਾ ਪ੍ਰਬੰਧ ਸੰਭਾਲੋ। ਵੇਖੋ, ਇਧਰ ਜੰਗ ਹੋ ਰਹੀ ਹੈ, ਉਧਰ ਬਰਾਤ ਆਈ ਹੈ। ਕੈਸੇ ਸਾਡੇ ਗੁਰੂ ਸਾਹਿਬ ਹਨ। ਉਹੋ ਮਠਿਆਈ ਵਿਆਹ ਸਮੇਂ ਜਿਹੜੀ ਬਰਾਤ ਲਈ ਬਣੀ ਸੀ ਫਿਰ ਤੁਰਕਾਂ ਨੇ ਖਾਧੀ ਤੇ ਪੈਰਾਂ ਥੱਲੇ ਵੀ ਰੋਲੀ। ਉਧਰ ਝਬਾਲ ਬਰਾਤ ਆਈ ਹੈ। ਮਹਾਰਾਜ ਜੀ ਪਹੁੰਚ ਗਏ। ਬਰਾਤ ਨੂੰ ਜੀ ਆਇਆਂ ਕਿਹਾ। ਬੀਬੀ ਵੀਰੋ ਜੀ ਦੇ ਅਨੰਦ ਕਾਰਜ ਦੇ ਸਾਰੇ ਕਾਰਜ ਹੋਏ। ਜਦੋਂ ਡੋਲੀ ਤੋਰਨ ਲੱਗੇ, ਹੁਣ ਤੁਹਾਡੇ ਸੁਣਨ ਵਾਲੇ ਬਚਨ ਹਨ। ਸਾਡੇ ਗੁਰੂ ਸਾਹਿਬ, ਗੁਰੂ ਵੀ ਹਨ ਤੇ ਪਿਤਾ ਵੀ ਹਨ। ਜਦੋਂ ਡੋਲੀ ਤੋਰਨ ਲੱਗੇ ਤੇ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੀ ਬੱਚੀ ਬੀਬੀ ਵੀਰੋ ਜੀ ਨੂੰ ਕੀ ਸਿੱਖਿਆ ਦਿੱਤੀ? ਇਹ ਸਾਡੇ ਲਈ ਸਿੱਧੀ ਸੜਕ ਹੈ ਇਹ ਚੀਜ਼ਾਂ ਅੱਜ ਘਰਾਂ ਵਿੱਚ ਲਿਆਉਣ ਦੀ ਲੋੜ ਹੈ। ਬੜੇ ਪਿਆਰ ਨਾਲ ਕਿਰਪਾ ਕਰਨਾ ਜੀ:

*ਭੂਲੇ ਮਾਰਗੁ ਜਿਨਹਿ ਬਤਾਇਆ ॥*
*ਐਸਾ ਗੁਰੁ ਵਡਭਾਗੀ ਪਾਇਆ ॥*

*(ਅੰਗ ੮੦੩)*

ਇਹ ਗੁਰ ਬਿਲਾਸ ਪਾਤਸ਼ਾਹ ਛੇਵੀਂ ਵਿੱਚ ਲਿਖਿਆ ਹੈ ਕਿ ਸਾਡੇ ਗੁਰੂ ਸਾਹਿਬ ਧੀ ਦੀ ਡੋਲੀ ਵੀ ਤੋਰਦੇ ਹਨ ਤੇ ਉਸ ਸਮੇਂ ਆਪਣੀ ਬੱਚੀ ਨੂੰ ਕੀ ਸੁਮੱਤ ਬਖਸ਼ਦੇ ਹਨ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਦੇ ਇਤਿਹਾਸਿਕ ਬਚਨ ਹਨ।

*ਸੁਣ ਪੁਤ੍ਰੀ ਪ੍ਰਾਨਣ ਤੇ ਪਿਆਰੀ*
*ਪਤੀ ਕੀ ਸੇਵਾ ਕਰਨੀ ਸਫਲੀ*

ਇਹ ਪਹਿਲਾ ਉਪਦੇਸ਼ ਦਿੱਤਾ, ਬੱਚੀਏ ਪਤੀ ਦੀ ਸੇਵਾ ਕਰਨੀ। ਹੁਣ ਪਤੀ ਕਿਤੇ ਇਹ ਨਾ ਸਮਝਣਾ ਕਿ ਇਹ ਸਿੱਖਿਆ ਕੇਵਲ ਬੀਬੀਆਂ ਲਈ ਹੈ। ਤੁਸੀਂ ਵੀ ਆਪਣੀ ਡਿਊਟੀ ਨਿਭਾਉਣੀ ਹੈ। ਜੋ ਬੋਲ ਰਿਹਾ ਹਾਂ, ਉਹ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿੱਚ ਦਰਜ ਹੈ:

*ਪਤੀ ਕੀ ਸੇਵਾ ਕਰਨੀ ਸਫਲੀ*
*ਪਤੀ ਬਿਨਾਂ ਔਰਤ ਸਭ ਨਫਲੀ*

ਕਿਸੇ ਹੋਰ ਪਾਸੇ ਧਿਆਨ ਨਹੀਂ।

*ਗੁਰ ਜਨ ਕੀ ਇੱਜ਼ਤ ਬਹੁ ਕਰਨੀ*

ਇਹ ਛੇਵੇਂ ਪਾਤਸ਼ਾਹ ਜੀ ਬੱਚੀ ਵੀਰੋ ਜੀ ਨੂੰ ਡੋਲੀ ਤੋਰਨ ਵੇਲੇ ਸਿੱਖਿਆ ਦੇ ਰਹੇ ਹਨ। ਤੇਰੇ ਘਰ ਕੋਈ ਗੁਰੂ ਜਨ, ਬਖਸ਼ੀ ਰੂਹ ਆ ਜਾਵੇ, ਮੇਰੀ ਬੱਚੀਏ, ਉਸ ਦਾ ਸਤਿਕਾਰ ਕਰਨਾ ਹੈ, ਉਸਨੂੰ ਅਟੈਂਡ ਕਰਨਾ ਹੈ।

*ਗੁਰ ਜਨ ਕੀ ਇੱਜ਼ਤ ਬਹੁ ਕਰਨੀ*
*ਸਾਸਾ ਸੇਵ ਰਿਦ ਮਹਿ ਸੋ ਧਰਨੀ*

ਸੱਸ ਦੀ ਸੇਵਾ (ਟਹਿਲ) ਵੀ ਕਰਨੀ ਹੈ। ਹੁਣ ਇਥੇ ਕਿਤੇ ਸੱਸਾਂ ਇਹ ਨਾ ਸਮਝਣਾ ਕਿ ਇਹ ਸਿੱਖਿਆ ਕੇਵਲ ਨੂੰਹਾਂ ਲਈ ਹੈ। ਆਪਾਂ ਵੀ ਨੂੰਹਾਂ ਨੂੰ ਗਲੇ ਨਾਲ ਲਗਾਉਣਾ ਹੈ। ਆਪਾਂ ਵੀ ਧੀਆਂ ਵਰਗਾ ਪਿਆਰ ਦੇਣਾ ਹੈ। ਦਾਸ ਦਾ ਦਿਲ ਤਾਂ ਕਰਦਾ ਸੀ ਕਿ ਦੋਵੇਂ ਬੰਨੇ ਦਾ ਵੇਰਵਾ ਸਾਂਝਾ ਕਰਦਾ ਪਰ ਸਮਾਂ ਘੱਟ ਹੈ। ਮਹਾਰਾਜ ਜੀ ਨੇ ਕਿਹਾ, ਸੱਸ ਦੀ ਸੇਵਾ ਵੀ ਕਰਨੀ ਹੈ ਤੇ ਸਤਿਕਾਰ ਵੀ ਹਿਰਦੇ ਤੋਂ ਕਰਨਾ ਹੈ।

*ਪਰਭਾਤੇ ਉਠ ਕਰ ਮਜਨ ਕਰੋ*

ਛੇਵੇਂ ਪਾਤਸ਼ਾਹ ਆਪਣੀ ਧੀ ਨੂੰ ਕਹਿ ਰਹੇ ਹਨ ਕਿ ਅੰਮ੍ਰਿਤ ਵੇਲੇ ਉੱਠਣਾ ਹੈ। ਇਸ਼ਨਾਨ ਕਰਨਾ ਹੈ।

*ਪਰਭਾਤੇ ਉਠ ਕਰ ਮਜਨ ਕਰੋ*
*ਗੁਰਬਾਨੀ ਮੁਖ ਤੇ ਕਹੀਅਉ।*

ਉੱਠ ਕੇ ਗੁਰਬਾਣੀ ਪੜ੍ਹਨੀ ਹੈ। ਗੁਰਬਾਣੀ ਨਾਲ ਜੁੜਨਾ ਹੈ।

*ਉਨਾਂ ਔਰ ਬਿਵਹਾਰ ਸੋ ਹੋਈ।*
*ਭਲੇ ਸੰਭਾਲੋ ਨੀਕੋ ਸੋਈ।*

ਦਾਸ ਸਮਝਦਾ ਹੈ ਕਿ ਇਹ ਪ੍ਰਕਰਨ ਪੜ੍ਹ ਕੇ ਕਈ ਘਰਾਂ ਵਿੱਚ ਸ਼ਾਂਤੀ ਵਰਤ ਜਾਵੇਗੀ। ਮਹਾਰਾਜ ਜੀ ਨੇ ਕਿਹਾ ਕਿ ਪਰਭਾਤੇ ਉੱਠਣਾ ਹੈ, ਗੁਰਬਾਣੀ ਪੜ੍ਹਨੀ ਹੈ, ਉਨਾਂ ਔਰ ਦਾ ਫਿਰ ਕੀ ਮਤਲਬ ਹੈ? ਜੋ ਵੀ ਦੋ ਢਾਈ ਘੰਟੇ ਸਿਮਰਨ ਗੁਰਬਾਣੀ ਪੜ੍ਹਨ ਤੋਂ ਬਾਅਦ ਜਿਹੜਾ ਘਰ ਦਾ ਕੰਮ-ਕਾਜ ਕਰਨਾ ਹੈ, ਉਸ ਨੂੰ ਸੰਭਾਲਣਾ ਹੈ। ਇਹ ਵੀ ਗੁਰਮਤਿ ਹੈ। ਇਹ ਨਹੀਂ ਕਿ ਘਰ ਦਾ ਕੰਮ ਹੀ ਨਹੀਂ ਕਰਨਾ। ਨਿਤਨੇਮ ਵੀ ਕਰਨਾ ਹੈ ਤੇ ਘਰ ਦਾ ਕੰਮ ਵੀ ਕਰਨਾ ਹੈ।

*ਉਨਾਂ ਔਰ ਬਿਵਹਾਰ ਸੋ ਹੋਈ।*

ਬਿਵਹਾਰ ਦਾ ਮਤਲਬ, ਘਰ ਦੀਆਂ ਬਾਕੀ ਸਾਰੀਆਂ ਡਿਊਟੀਆਂ।

*ਉਨਾਂ ਔਰ ਬਿਵਹਾਰ ਸੋ ਹੋਈ।*
*ਭਲੇ ਸੰਭਾਲੋ ਨੀਕੋ ਸੋਈ।*

ਇਹ ਵੀ ਸੰਭਾਲਣਾ, ਉਸ ਨੂੰ ਪਿਆਰਾ ਲੱਗਦਾ ਹੈ। ਕੈਸੇ ਸਾਡੇ ਪਿਤਾ ਜੀ ਹਨ। ਇੱਕ ਗੱਲ ਹੋਰ ਜੀ :

*ਭੂਲੇ ਮਾਰਗੁ ਜਿਨਹਿ ਬਤਾਇਆ ॥*
*ਐਸਾ ਗੁਰੁ ਵਡਭਾਗੀ ਪਾਇਆ ॥*

*(ਅੰਗ ੮੦੩)*

ਛੇਵੇਂ ਪਾਤਸ਼ਾਹ ਜੀ ਨੇ ਇਹ ਵੀ ਕਿਹਾ, ਬੱਚੀ ਵੀਰੋ, ਸਾਡਾ ਇੱਕ ਹੋਰ ਬਚਨ ਸੰਭਾਲਣਾ ਹੈ ਕਿ ਸਾਰੇ ਪਰਿਵਾਰ ਨੂੰ ਆਰਾਮ ਵਿੱਚ ਕਰਵਾ ਕੇ ਫਿਰ ਸੌਣਾ ਹੈ ਤੇ ਸਾਰੇ ਸੁੱਤੇ ਹੋਣ ਤੇ ਤੂੰ ਪਹਿਲੇ ਉੱਠਣਾ ਹੈ। ਬੜੀ ਵੱਡੀ ਗੱਲ ਹੈ। ਨਹੀਂ ਤਾਂ ਕਈ ਨੂੰਹਾਂ ਨੂੰ ਜੇ ਗੁਰਮਤਿ ਨਾ ਪਤਾ ਹੋਵੇ ਤੇ ਸਭ ਤੋਂ ਪਹਿਲਾਂ ਸੌਂ ਜਾਂਦੀਆਂ ਹਨ ਤੇ ਉੱਠਦੀਆਂ ਸਭ ਤੋਂ ਲੇਟ ਹਨ। ਮਹਾਰਾਜ ਜੀ ਨੇ ਇਹ ਸੁਮੱਤ ਦਿੱਤੀ ਸੀ, ਸੱਸ-ਸਹੁਰੇ, ਵੱਡਿਆਂ ਦੇ ਸੌਣ ਤੋਂ ਬਾਅਦ ਫਿਰ ਸੌਣਾ ਹੈ ਤੇ ਸਾਰੇ ਸੁੱਤੇ ਹੋਣ ਤੇ ਤੂੰ ਪਹਿਲਾਂ ਉੱਠਣਾ ਹੈ। ਕੈਸਾ ਸਾਡੇ ਗੁਰੂ ਸਾਹਿਬ ਜੀ ਨੇ ਗ੍ਰਹਿਸਥੀ ਦਾ ਮਾਰਗ ਦੱਸਿਆ ਹੈ। ਝੁਕ ਜਾਓ, ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਤੇ ਮਨ ਵੇਚ ਦਿਓ। ਗੁਰੂ ਸਾਹਿਬ ਜੀ ਨੇ ਰੱਬ ਨੂੰ ਪਾਉਣ ਦੀ ਵੀ ਜਾਚ ਸਿਖਾਈ ਤੇ ਗ੍ਰਹਿਸਥੀ ਵਿੱਚ ਚੱਲਣ ਦੀ ਵੀ ਜਾਚ ਸਿਖਾਈ।

*ਸੋ ਢਿਗ ਉਪਲੰਭ ਨਾ ਆਵੇ।*

ਇਸ ਦਾ ਕੀ ਅਰਥ ਹੈ? ਬੱਚੀਏ ਧਿਆਨ ਰੱਖੀਂ, ਮੈਨੂੰ ਉਲਾਂਭਾ ਨਾ ਆਵੇ। ਛੇਵੇਂ ਪਾਤਸ਼ਾਹ ਜੀ ਕਹਿੰਦੇ, ਮੇਰੀ ਬੱਚੀਏ, ਸਹੁਰੇ ਘਰੋਂ ਕੋਈ ਉਲਾਂਭਾ ਨਾ ਆਵੇ।

*ਸੋ ਢਿਗ ਉਪਲੰਭ ਨਾ ਆਵੇ।*
*ਐਸੀ ਭਾਂਸ ਸਰਬ ਸੁੱਖ ਪਾਵੇ।*

ਜੇ ਇਹ ਕੁਝ ਪੱਲੇ ਬੰਨੇਂਗੀ ਤੇ ਤੈਨੂੰ ਸਾਰੇ ਹੀ ਸੁੱਖ ਝੋਲੀ ਵਿੱਚ ਪੈਣਗੇ। ਅਖੀਰਲੀ ਗੱਲ ਸੁਣ ਲਓ। ਬੀਬੀ ਵੀਰੋ ਜੀ, ਜਿਨ੍ਹਾਂ ਨੇ ਛੇਵੇਂ ਪਾਤਸ਼ਾਹ ਜੀ ਦਾ ਬਚਨ ਸੰਭਾਲਿਆ, ਪਿਤਾ ਜੀ ਦਾ ਕਹਿਆ ਹੋਇਆ ਇੱਕ-ਇੱਕ ਬਚਨ ਸੰਭਾਲਿਆ ਤੇ ਉਨ੍ਹਾਂ ਦੇ ਘਰ ਇੱਕ ਨਹੀਂ, ਦੋ ਨਹੀਂ, ਤਿੰਨ ਨਹੀਂ, ਚਾਰ ਨਹੀਂ, ਪੰਜ ਪੁੱਤਰਾਂ ਨੇ ਜਨਮ ਲਿਆ। ਤੁਸੀਂ ਹੈਰਾਨ ਹੋਵੋਗੇ, ਪੰਜੇ ਪੁੱਤਰ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਦੇ ਆਸ਼ਕ ਸਨ। ਬੀਬੀ ਵੀਰੋ ਜੀ ਨੇ ਉਨ੍ਹਾਂ ਦੀਆਂ ਰਗਾਂ ਵਿੱਚ ਗੁਰੂ ਦੇ ਚਰਨਾਂ ਦਾ ਪਿਆਰ ਭਰਿਆ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਆਸ਼ਕ ਹੋਏ ਹਨ। ਤੁਸੀਂ ਹੈਰਾਨ ਹੋਵੋਗੇ ਕਿ ਬੀਬੀ ਵੀਰੋ ਜੀ ਦੇ ਪੰਜ ਪੁੱਤਰਾਂ ਵਿੱਚੋਂ ਦੋ ਪੁੱਤਰਾਂ ਨੇ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਾਹਮਣੇ ਸ਼ਹੀਦੀ ਪਾਈ ਹੈ। ਬਚਿੱਤਰ ਨਾਟਕ ਵਿੱਚ ਦਸਵੇਂ ਪਾਤਸ਼ਾਹ ਜੀ ਬੀਬੀ ਵੀਰੋ ਜੀ ਦੇ ਪੁੱਤਰਾਂ ਦਾ

*—ਬਾਕੀ ਹਿੱਸਾ ਪੰਨਾ 17 'ਤੇ ਪੜ੍ਹੋ ਜੀ*

## ਨੌਵੇਂ ਪਾਤਸ਼ਾਹ ਜੀ ਦੀ ਲਾਸਾਨੀ ਸ਼ਹਾਦਤ ਸਮੇਂ ਸ਼ਹੀਦ ਹੋਏ ਭਰਾ

# ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ

*—ਰਣਜੀਤ ਸਿੰਘ ਰਾਣਾ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

**ਸ਼ਹੀਦੀ ਸਫਰ ਦੀ ਸੰਖੇਪ ਗਾਥਾ :**

ਜਿਵੇਂ ਇਸ਼ਾਰੇ ਮਾਤਰ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਕਸ਼ਮੀਰੀ ਪੰਡਿਤਾਂ ਦੀ ਅਗਵਾਈ ਕਰਕੇ, ਉਨ੍ਹਾਂ ਨੂੰ ਸ੍ਰੀ ਅਨੰਦਪੁਰ ਸਾਹਿਬ ਲਿਆਉਣ ਵਾਲੇ ਪੰਡਿਤ ਕਿਰਪਾ ਰਾਮ ਦੱਤ ਜੀ ਦੀ ਭਾਈ ਮਤੀ ਦਾਸ ਜੀ ਦੇ ਪਰਿਵਾਰ ਨਾਲ ਬੜੀ ਨੇੜਲੀ ਰਿਸ਼ਤੇਦਾਰੀ ਸੀ। ਸੋ ਗੁਰੂ ਸਾਹਿਬ ਜੀ ਨੂੰ ਮਿਲਣ ਤੋਂ ਪਹਿਲਾਂ ਜਾਂ ਬਾਅਦ ਵਿੱਚ ਪੰਡਿਤ ਕਿਰਪਾ ਰਾਮ ਦੱਤ ਜੀ ਨੇ ਵੱਖਰੇ ਤੌਰ ’ਤੇ ਵੀ ਕਸ਼ਮੀਰ ਵਿੱਚ ਹਿੰਦੂ ਵੀਰਾਂ ’ਤੇ ਹੁੰਦੇ ਹਕੂਮਤੀ ਜ਼ੁਲਮਾਂ ਦੀ ਗਾਥਾ ਵਿਸਥਾਰ ਨਾਲ ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਨੂੰ ਸੁਣਾਈ ਹੋਵੇਗੀ। ਉਂਞ ਵੀ ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਬੜੇ ਚੇਤੰਨ ਬਿਰਤੀ ਵਾਲੇ ਸਿੱਖ ਸਨ, ਇਸ ਲਈ ਉਨ੍ਹਾਂ ਨੂੰ ਪੂਰੇ ਦੇਸ਼ ਦੀਆਂ ਰਾਜਨੀਤਕ ਅਤੇ ਧਾਰਮਿਕ ਪ੍ਰਸਥਿਤੀਆਂ ਬਾਰੇ ਸੋਝੀ ਸੀ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਜਦੋਂ ਇਹ ਨਿਰਣਾ ਲਿਆ ਕਿ ਹਕੂਮਤ ਦੇ ਜਬਰ-ਜ਼ੁਲਮ ਦੀ ਗੱਲ ਜਿਸ ਮਰਹਲੇ ਤੱਕ ਪੁੱਜ ਚੁੱਕੀ ਹੈ, ਉਸ ਨੂੰ ਕਿਸੇ ਲਾਸਾਨੀ ਸ਼ਹਾਦਤ ਤੋਂ ਬਿਨਾਂ ਠੱਲਿਆ ਨਹੀਂ ਜਾ ਸਕਦਾ, ਤਾਂ ਇਸ ਨਿਰਣੇ ਨੂੰ ਸਿਧਾਂਤਕ ਤੌਰ ’ਤੇ ਸਮਝਣ ਵਾਲੇ ਚੇਤੰਨ ਸੂਝਵਾਨ ਗੁਰਸਿੱਖਾਂ ਨੂੰ ਹੀ ਉਹ ਆਪਣੇ ਸ਼ਹੀਦੀ-ਸਫਰ ਦੇ ਸਾਥੀ ਬਣਾ ਸਕਦੇ ਸਨ।

ਸ੍ਰੀ ਅਨੰਦਪੁਰ ਸਾਹਿਬ ਤੋਂ ਦਿੱਲੀ ਵੱਲ ਸ਼ੁਰੂ ਹੋਣ ਵਾਲੇ ਇਸ ਸ਼ਹੀਦੀ-ਸਫਰ ਲਈ ਨੌਵੇਂ ਪਾਤਸ਼ਾਹ ਜੀ ਨੇ ਆਪਣੇ ਨਾਲ ਪੰਜ ਗੁਰਸਿੱਖ ਚੁਣੇ, ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਗੁਰਦਿੱਤਾ ਜੀ ਅਤੇ ਭਾਈ ਊਦਾ ਜੀ। ਸ੍ਰੀ ਅਨੰਦਪੁਰ ਸਾਹਿਬ ਤੋਂ ਤੁਰ ਕੇ ਉਹ ਕੀਰਤਪੁਰ, ਰੋਪੜ, ਸੈਫਾਬਾਦ, ਸਮਾਣਾ, ਕੈਥਲ, ਲੱਖਣ ਮਾਜਰਾ ਤੋਂ ਹੁੰਦੇ ਹੋਏ ਰੋਹਤਕ ਪੁੱਜੇ। ਰੋਹਤਕ ਤੋਂ ਸਤਿਗੁਰੂ ਜੀ ਨੇ ਆਪਣੇ ਨਾਲ ਆਏ ਪੰਜ ਗੁਰਸਿੱਖਾਂ ਵਿੱਚੋਂ ਭਾਈ ਗੁਰਦਿੱਤਾ ਜੀ ਅਤੇ ਭਾਈ ਊਦਾ ਜੀ ਨੂੰ ਸਿੱਧੇ ਦਿੱਲੀ ਵੱਲ ਭੇਜ ਦਿੱਤਾ, ਤਾਂ ਜੋ ਦਿੱਲੀ ਦੀ ਸਿੱਖ ਸੰਗਤ ਨੂੰ ਸਤਿਗੁਰੂ ਜੀ ਦੇ ਆਉਣ ਦੀ ਅਗਾਊਂ ਜਾਣਕਾਰੀ ਦਿੱਤੀ ਜਾ ਸਕੇ। ਦੂਜੇ ਪਾਸੇ ਰਾਜਧਾਨੀ ਦੀਆਂ ਗਤੀਵਿਧੀਆਂ ਨੂੰ ਵੇਖਣ ਪਰਖਣ ਲਈ ਸ੍ਰੀ ਅਨੰਦਪੁਰ ਸਾਹਿਬ ਤੋਂ ਭਾਈ ਜੈਤਾ ਜੀ ਵੀ ਪੂਰੀ ਤਿਆਰੀ ਨਾਲ ਦਿੱਲੀ ਪੁੱਜ ਚੁੱਕੇ ਸਨ। ਸ੍ਰੀ ਗੁਰੂ ਤੇਗ ਬਹਾਦਰ ਜੀ ਰੋਹਤਕ ਤੋਂ ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਨਾਲ ਆਗਰੇ ਪੁੱਜੇ। ਆਗਰੇ ਪਹੁੰਚ ਕੇ ਸਤਿਗੁਰੂ ਜੀ ਨੇ ਇਕ ਗਰੀਬ ਆਜੜੀ ਰਾਹੀਂ, ਸਿੱਖਾਂ ਸਮੇਤ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕਰ ਦਿੱਤਾ। ਮੁਗਲ ਹਕੂਮਤ ਦੇ ਕਰਿੰਦੇ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਦਿੱਲੀ ਲੈ ਆਏ।

ਦਿੱਲੀ ਲਿਆ ਕੇ, ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਉਨ੍ਹਾਂ ਦੇ ਸਿੱਖਾਂ ਨੂੰ ਇੱਕ ਸੁੰਞੀ ਹਵੇਲੀ ਵਿੱਚ ਨਜ਼ਰਬੰਦ ਰੱਖਿਆ ਗਿਆ। ਇਤਿਹਾਸਕਾਰ ਡਾ. ਹਰਬੰਸ ਸਿੰਘ ਚਾਵਲਾ ਅਨੁਸਾਰ, ਇਹ ਹਵੇਲੀ ਇਤਨੀ ਪੁਰਾਣੀ, ਡਰਾਉਣੀ ਅਤੇ ਢੱਠੀ ਹੋਈ ਸੀ ਕਿ ਲੋਕ ਉੱਥੇ ਜਾਣ ਤੋਂ ਵੀ ਡਰਦੇ ਸਨ। ਕਈ ਦਿਨ ਉਨ੍ਹਾਂ ਨੂੰ ਇਸ ਹਵੇਲੀ ਵਿੱਚ ਲਾਲਚ, ਡਰਾਵੇ ਅਤੇ ਤਸੀਹੇ ਦਿੱਤੇ ਜਾਂਦੇ ਰਹੇ, ਤਾਂ ਕਿ ਉਹ ਇਸਲਾਮ ਧਾਰਨ ਕਰ ਲੈਣ ਪਰ ਜਦੋਂ ਉਹ ਅਡੋਲ ਬੈਠੇ ਰਹੇ ਤਾਂ ਉਨ੍ਹਾਂ ਨੂੰ ਨਜ਼ਰਬੰਦ ਕਰਕੇ ਚਾਂਦਨੀ ਚੌਂਕ ਵਾਲੀ ਕੋਤਵਾਲੀ ਵਿੱਚ ਭੇਜ ਦਿੱਤਾ ਗਿਆ। ਇਸ ਕੋਤਵਾਲੀ ਵਿੱਚ ਗੁਰੂ ਸਾਹਿਬ ਜੀ ਨੂੰ ਇੱਕ ਐਸੇ ਪਿੰਜਰੇ ਵਿੱਚ ਬੰਦ ਕੀਤਾ ਗਿਆ, ਜਿੱਥੇ

ਉਹ ਕੇਵਲ ਅਡੋਲ ਬੈਠ ਸਕਦੇ ਸਨ। ਲੰਮੇ ਪੈਣ ਜਾਂ ਲੱਤਾਂ ਪਸਾਰਨ ਜੋਗੀ ਥਾਂ ਵੀ ਉਸ ਪਿੰਜਰੇ ਵਿੱਚ ਨਹੀਂ ਸੀ।

## ਭਾਈ ਮਤੀ ਦਾਸ ਜੀ ਦੀ ਸ਼ਹਾਦਤ :

ਗੁਰੂ ਸਾਹਿਬ ਜੀ ਨੂੰ ਦਿੱਤੇ ਜਾਂਦੇ ਅਕਹਿ ਤੇ ਅਸਹਿ ਤਸੀਹੇ ਭਾਈ ਮਤੀ ਦਾਸ ਜੀ ਤੋਂ ਵੇਖੇ ਨਾ ਜਾਂਦੇ। ਉਨ੍ਹਾਂ ਦੇ ਨੈਣਾਂ ਵਿੱਚੋਂ ਨੀਰ ਵਹਿ ਵਹਿ ਜਾਂਦਾ। ਭਾਈ ਮਤੀ ਦਾਸ ਜੀ, ਆਪ ਬੜੀ ਉੱਚੀ ਆਤਮਿਕ ਅਵਸਥਾ ਵਾਲੇ ਹੋਣ ਕਾਰਨ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਅਗੰਮੀ ਸਮਰੱਥਾ ਨੂੰ ਜਾਣਦੇ ਸਨ। ਰੋਹ ਵਿੱਚ ਆ ਕੇ ਉਨ੍ਹਾਂ ਨੇ ਇੱਕ ਦਿਨ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਨੂੰ ਬੇਨਤੀ ਕੀਤੀ, "ਸਤਿਗੁਰੂ ਜੀ, ਮੈਨੂੰ ਸ਼ਕਤੀ ਅਤੇ ਆਗਿਆ ਦਿਓ, ਤਾਂ ਕਿ ਦਿੱਲੀ ਦੀ ਇੱਟ ਨਾਲ ਇੱਟ ਖੜਕਾਈ ਜਾ ਸਕੇ।" ਗੁਰੂ ਸਾਹਿਬ ਜੀ ਨੇ ਉਨ੍ਹਾਂ ਨੂੰ ਸ਼ਾਂਤ ਰਹਿ ਕੇ ਭਾਣਾ ਮੰਨਣ ਦਾ ਉਪਦੇਸ਼ ਦਿੱਤਾ। ਦਿੱਲੀ ਦੇ ਕੋਤਵਾਲ ਨੇ ਭਾਈ ਮਤੀ ਦਾਸ ਜੀ ਦੇ ਰੋਹ ਭਰੇ ਬੋਲ ਸੁਣ ਲਏ ਸਨ। ਜਦ ਸ਼ਾਹੀ ਕਾਜ਼ੀ ਅਤੇ ਮੌਲਾਣੇ ਤੱਕ ਇਹ ਗੱਲ ਪੁੱਜੀ ਤਾਂ ਉਨ੍ਹਾਂ ਨਿਰਣਾ ਕੀਤਾ ਕਿ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਨੂੰ ਡਰਾਉਣ ਅਤੇ ਦੀਨ ਮਨਾਉਣ ਲਈ ਜ਼ਰੂਰੀ ਹੈ ਕਿ ਉਨ੍ਹਾਂ ਦੇ ਸਾਹਮਣੇ ਉਨ੍ਹਾਂ ਦੇ ਸਾਥੀ ਸਿੱਖਾਂ ਨੂੰ ਇੱਕ-ਇੱਕ ਕਰਕੇ ਘੋਰ ਤਸੀਹੇ ਦਿੱਤੇ ਜਾਣ।

ਸੋ ਸਾਰੀ ਵਿਉਂਤ ਗਿਣ-ਮਿੱਥ ਕੇ, ਭਾਈ ਮਤੀ ਦਾਸ ਜੀ ਨੂੰ ਇਸਲਾਮ ਕਬੂਲ ਨਾ ਕਰਨ ਕਰਕੇ ਆਰੇ ਨਾਲ ਚੀਰੇ ਜਾਣ ਦਾ ਫਤਵਾ ਸੁਣਾ ਦਿੱਤਾ ਗਿਆ। ਗੁਰੂ ਸਾਹਿਬ ਜੀ ਦੇ ਹੁਕਮ ਮੁਤਾਬਿਕ ਭਾਈ ਮਤੀ ਦਾਸ ਜੀ ਅਡੋਲ ਬੈਠੇ ਸਨ। ਕੋਤਵਾਲ ਨੇ ਭਾਈ ਮਤੀ ਦਾਸ ਜੀ ਨੂੰ ਗੋਲੀਆਂ ਵਰਗੇ ਦੋ ਮੋਟੇ ਤਖਤਿਆਂ ਦੇ ਵਿਚਕਾਰ ਬੰਨ੍ਹ ਕੇ ਆਰੇ ਨਾਲ ਸਿਰ ਤੋਂ ਧੜ ਵੱਲ ਚੀਰੇ ਜਾਣ ਦਾ ਹੁਕਮ ਸੁਣਾ ਦਿੱਤਾ। ਬਾਬਾ ਸਰੂਪ ਦਾਸ ਜੀ ਭੱਲਾ ਦੇ ਲਿਖੇ 'ਮਹਿਮਾ ਪ੍ਰਕਾਸ਼' ਦੀ ਗਵਾਹੀ ਹੈ :

*ਦੋ ਤਖਤੋਂ ਮੇਂ ਦੀਆ ਬੰਧਾਇ।*
*ਜਲਾਦਨ ਕੋ ਹੁਕਮ ਕਰਵਾਇਆ।*
*ਆਰੇ ਸੋ ਤਿਸ ਤਨ ਚੀਰਾਇਆ।*

ਭਾਈ ਮਤੀ ਦਾਸ ਜੀ ਦੀ ਅਡੋਲਤਾ ਤੋਂ ਪ੍ਰਭਾਵਿਤ ਹੋਏ ਕੋਤਵਾਲ ਨੇ ਆਰੇ ਨਾਲ ਚੀਰਨ ਤੋਂ ਪਹਿਲਾਂ ਭਾਈ ਸਾਹਿਬ ਜੀ ਤੋਂ ਉਨ੍ਹਾਂ ਦੀ ਆਖਰੀ ਖਾਹਿਸ਼ ਪੁੱਛੀ, ਤਾਂ ਅਡੋਲ ਰਹਿੰਦਿਆਂ, ਭਾਈ ਸਾਹਿਬ ਜੀ ਨੇ ਆਖਿਆ ਕਿ ਜਦੋਂ ਮੈਨੂੰ ਆਰੇ ਨਾਲ ਚੀਰਿਆ ਜਾਵੇ ਤਾਂ ਮੇਰਾ ਮੂੰਹ ਸਤਿਗੁਰੂ ਜੀ ਵੱਲ ਹੋਵੇ। ਇੰਝ ਸਤਿਗੁਰੂ ਜੀ ਦੇ ਦਰਸ਼ਨ ਕਰਦਿਆਂ, ਬੁਲੰਦ ਆਵਾਜ਼ ਵਿੱਚ ਸ੍ਰੀ ਜਪੁ ਜੀ ਸਾਹਿਬ ਦਾ ਪਾਠ ਉਚਰਦਿਆਂ, ਭਾਈ ਮਤੀ ਦਾਸ ਜੀ ਨੇ ਆਪਣਾ ਸਰੀਰ ਆਰੇ ਦੇ ਹਵਾਲੇ ਕਰ ਦਿੱਤਾ। ਆਰੇ ਨੇ ਚੀਰ ਕੇ ਉਨ੍ਹਾਂ ਦੇ ਸਰੀਰ ਦੇ ਤਾਂ ਦੋ ਫਾੜ ਕਰ ਦਿੱਤੇ, ਪਰ ਦੋ ਫਾੜ ਹੁੰਦੇ ਹੋਏ ਵੀ ਸਰੀਰ ਨੇ ਵੀ ਸ੍ਰੀ ਜਪੁ ਜੀ ਸਾਹਿਬ ਦਾ ਪਾਠ ਸੰਪੂਰਨ ਕੀਤਾ। ਮਹਾਂਕਵੀ ਭਾਈ ਸੰਤੋਖ ਸਿੰਘ ਜੀ ਚੂੜਾਮਣਿ 'ਸ੍ਰੀ ਗੁਰਪ੍ਰਤਾਪ ਸੂਰਜ ਪ੍ਰਕਾਸ਼ ਗ੍ਰੰਥ' ਵਿੱਚ ਪ੍ਰਮਾਣ ਦਿੰਦੇ ਹਨ :

*ਅਰਧੋ ਅਰਧ ਚਿਰਾਇ ਸੁ ਡਾਰਾ।*
*ਪਰਯੋ ਪ੍ਰਿਥੀ ਪਰ ਹ੍ਵੈ ਦੋ ਫਾਰਾ।*
*ਦੋਨਹੁ ਤਨ ਤੇ ਜਪੁਜੀ ਪਢੈ।*
*ਹੇਰਤ ਸਭ ਕੌ ਅਚਰਜ ਬਢੈ।*

ਬੇਸ਼ੱਕ ਗੁਰੂ ਸਾਹਿਬ ਜੀ ਦੇ ਹੁਕਮ ਵਿੱਚ ਭਾਈ ਮਤੀ ਦਾਸ ਜੀ ਨੇ ਜਾਨ ਬਚਾਉਣ ਲਈ ਕੋਈ ਕਰਾਮਾਤ ਵਰਗੀ ਸ਼ਕਤੀ ਨਹੀਂ ਸੀ ਦਿਖਾਈ, ਪਰ ਦੋ ਫਾੜ ਹੋਏ ਸਰੀਰ ਵਿੱਚੋਂ ਸ੍ਰੀ ਜਪੁ ਜੀ ਸਾਹਿਬ ਜੀ ਦਾ ਪਾਠ ਪੂਰਾ ਕਰਨਾ ਉਨ੍ਹਾਂ ਦੀ ਵੱਡੀ ਅਧਿਆਤਮਿਕ ਸ਼ਕਤੀ ਦਾ ਪ੍ਰਤੀਕ ਬਣ ਕੇ ਹਾਕਮਾਂ ਨੂੰ ਹੈਰਾਨ-ਪ੍ਰੇਸ਼ਾਨ ਕਰ ਰਿਹਾ ਸੀ।

## ਭਾਈ ਸਤੀ ਦਾਸ ਜੀ ਦੀ ਸ਼ਹਾਦਤ :

ਭਾਈ ਮਤੀ ਦਾਸ ਜੀ ਦੀ ਸ਼ਹਾਦਤ ਤੋਂ ਬਾਅਦ, ਉਨ੍ਹਾਂ ਦੇ ਛੋਟੇ ਭਰਾ ਭਾਈ ਸਤੀ ਦਾਸ ਜੀ ਦੇ ਸਾਹਮਣੇ 'ਦੀਨ ਜਾਂ ਮੌਤ' ਵਾਲਾ ਸਵਾਲ ਦੁਹਰਾਇਆ ਗਿਆ। ਹਾਕਮਾਂ ਦੀ ਸੋਚ ਸੀ ਕਿ ਭਰਾ ਦੀ ਦਰਦਨਾਕ ਮੌਤ ਨੇ ਭਾਈ ਸਤੀ ਦਾਸ ਜੀ ਨੂੰ ਧੁਰ ਹਿਰਦੇ ਤੱਕ ਹਿਲਾ ਦਿੱਤਾ ਹੋਵੇਗਾ, ਪਰ ਭਾਈ ਸਤੀ ਦਾਸ ਜੀ ਵੀ ਅਡੋਲ ਗੁਰਬਾਣੀ ਦਾ ਜਾਪ ਕਰਦੇ ਰਹੇ। ਕਾਜ਼ੀਆਂ ਦੇ ਫਤਵੇ

ਅਨੁਸਾਰ ਭਾਈ ਸਤੀ ਦਾਸ ਜੀ ਨੂੰ ਜਿਉਂਦੇ ਰੂੰ ਵਿੱਚ ਲਪੇਟ ਕੇ ਅੱਗ ਲਾ ਦਿੱਤੀ ਗਈ। ਰੂੰ ਵਿੱਚ ਲਪੇਟੇ ਭਾਈ ਸਤੀ ਦਾਸ ਜੀ ਦਾ ਸਰੀਰ ਅੱਗ ਦਾ ਭਾਂਬੜ ਬਣ ਗਿਆ, ਪਰ ਇਸ ਅੱਗ ਦੇ ਭਾਂਬੜ ਵਿੱਚੋਂ ਦਰਦਭਰੀ ਇੱਕ ਵੀ ਚੀਕ ਨਹੀਂ ਨਿਕਲੀ, ਸਗੋਂ ਸ੍ਰੀ ਜਪੁ ਜੀ ਸਾਹਿਬ ਜੀ ਦਾ ਨਿਰੰਤਰ ਜਾਪ ਕਰਦੇ-ਕਰਦੇ ਭਾਈ ਸਤੀ ਦਾਸ ਜੀ ਵੀ ਸ਼ਹਾਦਤ ਦਾ ਜਾਮ ਪੀ ਗਏ। ਗੁਰਬਾਣੀ ਦਾ ਨਿਰੰਤਰ ਜਾਪ ਸੁਣਦਾ ਰਿਹਾ।

ਭਾਈ ਸਤੀ ਦਾਸ ਜੀ ਤੋਂ ਬਾਅਦ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ, ਭਾਈ ਦਿਆਲਾ ਜੀ ਨੂੰ ਵੀ ਦੇਗ ਵਿੱਚ ਉਬਾਲ ਕੇ ਸ਼ਹੀਦ ਕੀਤਾ ਗਿਆ। (ਭਾਈ ਦਿਆਲਾ ਜੀ ਦਾ ਪਰਿਵਾਰਿਕ ਪਿਛੋਕੜ ਅਤੇ ਸ਼ਹੀਦੀ ਵਿਰਸਾ ਬੜਾ ਮਹਾਨ ਹੈ, ਜਿਸ ਦਾ ਜ਼ਿਕਰ ਵੱਖਰੇ ਲੇਖ ਵਿੱਚ ਕੀਤਾ ਗਿਆ ਹੈ।)

ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਦੀ ਸ਼ਹਾਦਤ ਬਾਰੇ ਭੱਟ ਵਹੀਆਂ ਦੀ ਪ੍ਰਮਾਣਿਤ ਗਵਾਹੀ ਇਉਂ ਹੈ, ''ਦਿਆਲ ਦਾਸ, ਮਾਈ ਦਾਸ ਕਾ, ਪੋਤਾ ਬੱਲੂ ਕਾ, ਪੜਪੋਤਾ ਮੂਲੇ ਕਾ, ਚੰਦਰਵੰਸ਼ੀ ਭਾਰਦਵਾਜੀ, ਗੋਤਰ ਪਰਿਵਾਰ, ਬੰਸ ਬੀਝੇ ਕਾ, ਗੁਰੂ ਗੈਲੋਂ, ਮਗਹਰ ਸੁਦੀ ਪੰਚਮੀ ਸੰਮਤ ਸਤਰਾਂ ਸੈ ਬਤੀਸ ਕੋ, ਦਿੱਲੀ ਚਾਂਦਨੀ ਚੌਂਕ ਕੇ ਮਲਹਾਨ, ਸ਼ਾਹੀ ਹੁਕਮ ਗੈਲ ਮਾਰਾ ਗਿਆ। ਗੈਲੋਂ ਮਤੀ ਦਾਸ, ਸਤੀ ਦਾਸ, ਬੇਟੇ ਹੀਰਾ ਨੰਦ ਕੇ, ਪੋਤੇ ਲਖੀ ਦਾਸ ਕੇ, ਪੜਪੋਤੇ ਪਰਾਗੇ ਕੇ, ਬੰਸ ਗੋਤਮ ਕਾ, ਸਾਰੁਸਤੀ ਭਾਰਗਵ ਗੋਤੇ ਛਿਬਰ ਬ੍ਰਾਹਮਣ ਮਾਰੇ ਗਏ।''

ਇਤਿਹਾਸਕਾਰ ਹਰੀ ਰਾਮ ਗੁਪਤਾ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਤੋਂ ਪਹਿਲਾਂ ਸ਼ਹੀਦ ਹੋਣ ਵਾਲੇ ਇਨ੍ਹਾਂ ਤਿੰਨਾਂ ਸਿੱਖਾਂ ਦਾ ਅੰਤਿਮ ਸੰਸਕਾਰ ਦਿੱਲੀ ਦੇ ਸਿੱਖਾਂ ਨੇ ਜਮਨਾ ਦੇ ਕਿਨਾਰੇ, ਉਸ ਥਾਂ 'ਤੇ ਕੀਤਾ, ਜਿੱਥੇ ਇਸ ਸ਼ਹੀਦੀ ਸਾਕੇ ਤੋਂ ਕਰੀਬ ਗਿਆਰ੍ਹਾਂ ਵਰ੍ਹੇ ਪਹਿਲਾਂ, ਸੰਨ 1664 ਵਿੱਚ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਮਹਾਰਾਜ ਦੇ ਪਵਿੱਤਰ ਸਰੀਰ ਦਾ ਅੰਤਿਮ ਸਸਕਾਰ ਕੀਤਾ ਗਿਆ ਸੀ।

*ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ*

---

*ਪੰਨਾ 14 ਦਾ ਬਾਕੀ ਹਿੱਸਾ—*

ਨਾਮ ਲਿਆ ਹੈ, ਦਸਮ ਪਾਤਸ਼ਾਹ ਜੀ ਨੇ, ਕਿ ਇਹ ਮੇਰੇ ਸ਼ਾਹ ਸੰਗਰਾਮ ਹਨ, ਜੰਗ ਦੇ। ਆਪਣੇ ਪੁੱਤਰਾਂ ਵਿੱਚ ਵੀ ਗੁਰਮਤਿ ਦੀ ਸਪਿਰਿਟ ਭਰੀ ਸੀ ਬੀਬੀ ਵੀਰੋ ਜੀ ਨੇ ਤੇ ਅੱਜ ਵੀ ਝਬਾਲ ਬੀਬੀ ਵੀਰੋ ਜੀ ਦਾ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਜੋ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਪੰਦਰਾਂ ਕਿਲੋਮੀਟਰ ਦੀ ਦੂਰੀ ਤੇ ਹੈ। ਜਿਨ੍ਹਾਂ ਬੱਚੀਆਂ ਦੇ ਰਿਸ਼ਤੇ ਨਾ ਹੋਣ ਜਾਂ ਜਿਵੇਂ ਵੀ ਕੋਈ ਔਲਾਦ ਨਾ ਹੋਵੇ, ਪੂਰੀ ਭਾਵਨਾ ਨਾਲ ਬੀਬੀ ਵੀਰੋ ਜੀ ਦੇ ਗੁਰਦੁਆਰਾ ਸਾਹਿਬ ਜਾ ਕੇ ਬਾਣੀ ਪੜ੍ਹਦੇ ਹਨ, ਅਰਦਾਸ ਕਰਵਾਉਂਦੇ ਹਨ, ਦੇਗ ਲੈ ਕੇ, ਬੇਨਤੀ ਕਰਦੇ ਹਨ, ਅੱਜ ਵੀ ਝੋਲੀਆਂ ਭਰਦੀਆਂ ਹਨ। ਕੈਸਾ ਸਾਡਾ ਸਿੱਖ ਧਰਮ ਹੈ, ਕਿਤੇ ਤਾਂ ਔਰਤ ਦੀ ਨਿਰਾਦਰੀ ਹੋ ਰਹੀ ਹੈ, ਸਾਡੇ ਇਸ ਸਿੱਖੀ ਧਰਮ ਵਿੱਚ ਬੀਬੀ ਵੀਰੋ ਜੀ ਦਾ ਗੁਰਦੁਆਰਾ ਸਾਹਿਬ ਹੈ ਜਿੱਥੇ ਅੱਜ ਵੀ ਅਰਦਾਸਾਂ ਕਰਕੇ ਝੋਲੀਆਂ ਭਰਦੀਆਂ ਹਨ, ਕਿੰਨਾ ਸਤਿਕਾਰ ਹੈ। ਇਸ ਘਰ ਵਿੱਚ ਬੀਬੀਆਂ ਦਾ ਸਤਿਕਾਰ ਸਿਖਾਇਆ ਹੈ। ਗੁਰੂ ਘਰ ਲਈ ਸਪਿਰਿਟ ਲੈ ਕੇ ਜਾਓ, ਕੋਈ ਵਾਂਝਾ ਨਾ ਰਹੇ, ਇਹ ਪੰਕਤੀਆਂ ਸਾਰੇ ਪੜ੍ਹੋ ਪਿਆਰ ਨਾਲ ਤੇ ਫਿਰ ਸਮਾਪਤੀ ਹੈ :

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*

*(ਅੰਗ ੪੭੩)*

ਇਸ ਅੰਕ ਵਿੱਚ ਆਪ ਜੀ ਨੇ ਨਵੇਂ ਪ੍ਰਕਰਨ ''ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ'' ਭਾਗ ਪਹਿਲਾ ਬੀਬੀ ਵੀਰੋ ਜੀ ਨੂੰ ਛੇਵੇਂ ਪਾਤਸ਼ਾਹ ਜੀ ਵੱਲੋਂ ਦਿੱਤੇ ਉਪਦੇਸ਼ਾਂ ਬਾਰੇ ਵਿਚਾਰਾਂ ਸਾਂਝੀਆਂ ਕਰਵਾਈਆਂ, ਅਗਲੇ ਐਡੀਸ਼ਨ ਵਿੱਚ ਦੂਸਰੇ ਭਾਗ ਮਾਈ ਭਿਰਾਈ ਜੀ ਦੇ ਸਤਿਕਾਰ ਬਾਰੇ ਸਤਿਗੁਰੂ ਜੀ ਵਿਚਾਰਾਂ ਸਾਂਝੀਆਂ ਕਰਵਾਉਣ ਜੀ।

ਸਵਾਲ ਜਵਾਬ

# ਜ਼ਿੰਦਗੀ ਦੀਆਂ ਬਰੀਕੀਆਂ

ਪਿਆਰੇ ਪਾਠਕੋ,

ਕਈ ਵਾਰ ਸੰਗਤਾਂ ਆਪਣੇ ਮਨ ਦੇ ਵਿਚਾਰ ਜਾਂ ਪਰਮਾਰਥ ਦੇ ਰਾਹ ਤੇ ਚੱਲਣ ਲਈ ਅਹਿਮ ਸਵਾਲ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਨਾਲ ਸਾਂਝੇ ਕਰਦੀਆਂ ਰਹਿੰਦੀਆਂ ਹਨ। ਗੁਰੂ ਸਾਹਿਬ ਜੀ ਦੀ ਕ੍ਰਿਪਾ ਨਾਲ ਇਨ੍ਹਾਂ ਸਵਾਲਾਂ ਜਵਾਬਾਂ ਨੂੰ ਪਿਛਲੇ ਕਾਫ਼ੀ ਸਮੇਂ ਤੋਂ ਲੜੀਵਾਰ ਸਿਫਤਿ ਸਾਲਾਹ ਰਸਾਲੇ ਵਿੱਚ ਛਾਪਿਆ ਜਾ ਰਿਹਾ ਹੈ ਕਿਉਂਕਿ ਤਕਰੀਬਨ ਹਰ ਇਕ ਜਗਿਆਸੂ ਨੂੰ ਇਨ੍ਹਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੀ ਪਤਾ ਕਿਸ ਨੂੰ ਆਪਣਾ ਜਵਾਬ ਇਸ ਵਿੱਚੋਂ ਪ੍ਰਾਪਤ ਹੋ ਜਾਵੇ ਤੇ ਜ਼ਿੰਦਗੀ ਦੀਆਂ ਬਰੀਕੀਆਂ ਨਿਕਲ ਜਾਣ। ਪਿਛਲੇ ਅੰਕਾਂ ਵਿੱਚ 464 ਸਵਾਲਾਂ ਦੇ ਜਵਾਬ ਦਿੱਤੇ ਗਏ ਸਨ। ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਲੜੀ ਅੱਗੇ ਤੋਰ ਰਹੇ ਹਾਂ ਜੀ। ਅਸੀਂ ਧੰਨਵਾਦੀ ਹਾਂ ਸਮੂਹ ਸੰਗਤਾਂ ਦੇ ਜਿਨ੍ਹਾਂ ਨੇ ਇਹ ਉੱਦਮ ਉਪਰਾਲਾ ਕੀਤਾ ਹੈ।

*—ਬੀਬੀ ਜਤਿੰਦਰ ਕੌਰ*

*(ਜੋਤੀ ਦਾਰਾ ਭੈਣ ਜੀ, ਅਮਰੀਕਾ ਵਾਲੇ)*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

465. **ਸਵਾਲ :** ਸਤਿਕਾਰਯੋਗ ਵੀਰ ਜੀ, ਜੇ ਕੋਈ ਸਰੀਰ ਨਾ ਚਾਹੁਣ ਦੇ ਬਾਵਜੂਦ ਵੀ ਵਾਰ-ਵਾਰ ਕੋਈ ਔਗੁਣ ਕਰ ਰਿਹਾ ਹੈ ਜਾਂ ਗਲਤੀ ਕਰ ਰਿਹਾ ਹੈ ਜੋ ਗੁਰਮਤਿ ਅਨੁਸਾਰ ਪ੍ਰਵਾਨ ਨਹੀਂ, ਉਹ ਸਰੀਰ ਕਿਹੜੀ ਜੁਗਤੀ ਵਰਤੇ ਜਿਸ ਨਾਲ ਉਹ ਔਗੁਣ ਜਾਂ ਗਲਤੀ ਉਸਦੇ ਜੀਵਨ ਵਿੱਚੋਂ ਨਿਕਲ ਜਾਵੇ?

**ਜਵਾਬ :** ਦਾਸ ਕਈ ਵਾਰ ਨੋਟ ਕਰਦਾ ਹੈ ਕਿ ਕਈ ਸਰੀਰਾਂ ਦੀ ਉਮਰ ਹੀ ਲੰਘ ਜਾਂਦੀ ਹੈ ਪਰ ਆਪਣੇ ਔਗੁਣ ਦੀ ਪਹਿਚਾਨ ਨਹੀਂ ਹੁੰਦੀ। ਔਗੁਣ ਦੀ ਪਹਿਚਾਨ ਹੋਣੀ ਬਹੁਤ ਵੱਡੀ ਗੱਲ ਹੈ ਤੇ ਇਹ ਪਹਿਚਾਨ ਹੁੰਦੀ ਹੈ, ਸੰਗਤ ਵਿੱਚ ਆ ਕੇ। ਸੰਗਤ ਵਿੱਚ ਆ ਕੇ ਮਨ ਪੁਣਿਆ ਜਾਂਦਾ ਹੈ ਤੇ ਚੰਗੇ-ਮੰਦੇ ਦੀ ਪਹਿਚਾਨ ਹੋ ਜਾਂਦੀ ਹੈ ਪਰ ਤੁਹਾਡੇ ਕੀਤੇ ਸਵਾਲ ਮੁਤਾਬਕ ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕਈ ਵਾਰ ਕੋਈ ਸਰੀਰ ਕੋਈ ਔਗੁਣ ਕਰ ਰਿਹਾ ਹੈ, ਸੰਗਤ ਵਿੱਚ ਆਉਣ ਕਰਕੇ ਉਸ ਨੂੰ ਆਪਣੇ ਔਗੁਣ ਦੀ ਪਹਿਚਾਨ ਵੀ ਹੋ ਗਈ ਹੈ ਪਰ ਉਹ ਔਗੁਣ ਉਸ ਅੰਦਰ ਇੰਨਾ ਘਰ ਕਰ ਚੁੱਕਾ ਹੈ ਕਿ ਔਗੁਣ ਦੀ ਪਹਿਚਾਨ ਹੋਣ ਦੇ ਬਾਵਜੂਦ ਵੀ ਉਹ ਔਗੁਣ ਉਸ ਦੇ ਅੰਦਰੋਂ ਜਾਂਦਾ ਨਹੀਂ ਪਿਆ। ਆਪਣੇ ਵੱਲੋਂ ਉਹ ਔਗੁਣ ਛੱਡਣਾ ਚਾਹੁੰਦਾ ਹੈ ਪਰ ਅੰਦਰ ਇੰਨੀ ਵਿਲ ਪਾਵਰ ਨਹੀਂ, ਅੰਦਰ ਉਸ ਔਗੁਣ ਨਾਲ ਲੜਨ ਦੀ ਇੰਨੀ ਸਮਰੱਥਾ ਨਹੀਂ ਕਿ ਉਹ ਔਗੁਣ ਦੁਬਾਰਾ ਨਾ ਹੋਵੇ। ਇਸ ਲਈ ਚੰਗੇ ਰਸਤੇ ਤੇ ਤੁਰਨ ਦੇ ਬਾਵਜੂਦ ਉਹ ਔਗੁਣ ਜਾਣੇ-ਅਣਜਾਣੇ ਉਸ ਕੋਲੋਂ ਹੁੰਦਾ ਰਹਿੰਦਾ ਹੈ।

ਕੋਈ ਔਗੁਣ ਨਹੀਂ ਛੱਡਿਆ ਜਾ ਰਿਹਾ ਹੈ ਤੇ ਪਹਿਲੀ ਜੁਗਤੀ ਹੈ, ਮਹਾਂਪੁਰਸ਼ ਬਚਨ ਕਰਦੇ ਸਨ ਕਿ ਜੇਕਰ ਕੋਈ ਔਗੁਣ ਨਾ ਛੱਡਿਆ ਜਾਵੇ ਤੇ ਸ੍ਰੀ ਸੁਖਮਨੀ ਸਾਹਿਬ ਦਾ ਇੱਕ ਪਾਠ ਜਾਂ ਜੇ ਸਮਾਂ ਘੱਟ ਹੋਵੇ ਤਾਂ 1-2 ਪਾਠ ਸ੍ਰੀ ਜਪੁ ਜੀ ਸਾਹਿਬ ਦੇ ਉਸ ਔਗੁਣ ਪ੍ਰਤੀ ਰੋਜ਼ ਦਾ ਨੇਮ ਵਧਾ ਕੇ ਗੁਰੂ ਸਾਹਿਬ ਦੇ ਚਰਨਾਂ ਵਿੱਚ ਅਰਦਾਸ ਕਰੋ, ਉਸ ਔਗੁਣ ਨੂੰ ਛੁਡਾਉਣ ਦੀ ਡਿਊਟੀ ਗੁਰੂ ਸਾਹਿਬ ਦੀ ਲੱਗ ਜਾਂਦੀ ਹੈ।

*ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥*
*ਗੁਰ ਬਚਨੀ ਹਰਿ ਨਾਮੁ ਉਚਰੈ ॥*

*(ਅੰਗ ੨੮੬)*

ਬਾਬਾ ਈਸ਼ਰ ਸਿੰਘ ਜੀ ਨਾਨਕਸਰ ਕਲੇਰਾਂ ਵਾਲੇ ਮਹਾਂਪੁਰਸ਼ਾਂ ਕੋਲ ਇੱਕ ਸਰੀਰ ਦਰਸ਼ਨਾਂ ਲਈ ਆਇਆ। ਬਾਬਾ ਜੀ ਨੇ ਸੁਭਾਵਿਕ ਹੀ ਉਸ ਸਰੀਰ ਨੂੰ ਪੁੱਛ ਲਿਆ, ਭਾਈ ਕੋਈ ਮਾੜੀ ਚੀਜ਼ ਤਾਂ ਨਹੀਂ ਵਰਤਦਾ? ਉਹ ਸਰੀਰ ਕਹਿਣ ਲੱਗਾ, ਬਾਬਾ ਜੀ ਕਦੀ-ਕਦੀ ਸ਼ਰਾਬ ਪੀ ਲੈਂਦਾ ਹਾਂ। ਬਾਬਾ ਜੀ ਕਹਿਣ ਲੱਗੇ, ਬੜਾ ਮਰਦ ਹੈ, ਆਪਣਾ ਔਗੁਣ ਦੱਸ ਰਿਹਾ ਹੈਂ ਛੁਪਾ ਨਹੀਂ ਰਿਹਾ। ਫਿਰ ਬਾਬਾ ਜੀ ਕਹਿਣ ਲੱਗੇ, "ਭਾਈ ਨਾ ਪੀਆ ਕਰ।" ਉਹ ਅੱਗੋਂ ਕਹਿਣ ਲੱਗਾ, ਬਾਬਾ ਜੀ, ਮੈਂ ਛੱਡਣਾ ਤਾਂ ਚਾਹੁੰਦਾ ਹਾਂ ਪਰ ਇਹ ਮੇਰੇ ਤੋਂ ਛੱਡੀ ਨਹੀਂ ਜਾਂਦੀ। ਬਾਬਾ ਜੀ ਨੂੰ ਇਸ ਗੱਲ ਦੀ ਬੜੀ ਖੁਸ਼ੀ ਹੋਈ ਕਿ ਇਸ ਨੇ ਸੱਚ ਬੋਲਿਆ ਹੈ। ਮਹਾਂਪੁਰਸ਼ ਸੱਚ ਸੁਣ ਕੇ ਬਹੁਤ ਖੁਸ਼ ਹੁੰਦੇ ਹਨ। ਉਨ੍ਹਾਂ ਅੱਗੇ ਆਪਣਾ ਔਗੁਣ ਨੰਗਾ ਕਰਨ ਨਾਲ ਜੀਵ ਦਾ ਭਲਾ ਹੋ ਜਾਂਦਾ ਹੈ। ਬੁਰਾਈਆਂ ਅੰਦਰੋਂ ਨਿਕਲ ਜਾਂਦੀਆਂ ਹਨ। ਸੋ ਬਾਬਾ ਜੀ ਕਹਿਣ ਲੱਗੇ, ਫਿਰ ਇੱਕ ਕੰਮ ਕਰ। ਰੋਜ਼ ਇੱਕ ਪਾਠ ਸ੍ਰੀ ਸੁਖਮਨੀ ਸਾਹਿਬ ਜੀ ਦੀ ਹਾਜ਼ਰੀ ਲਗਾ ਕੇ ਤੇ ਹਫਤੇ ਬਾਅਦ ਕਿਸੇ ਵੀ ਗੁਰਦੁਆਰਾ ਸਾਹਿਬ ਵਿੱਚ ਜਾ ਕੇ ਦੇਗ ਲੈ ਕੇ ਗਲ ਵਿੱਚ ਹਜ਼ੂਰੀਆ ਪਾ ਕੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਕਰਿਆ ਕਰ, ਗੁਰੂ ਸਾਹਿਬ ਜੀ, ਮੇਰੇ ਕੋਲੋਂ ਨਾ ਚਾਹੁੰਦਿਆਂ ਹੋਇਆਂ ਵੀ ਇਹ ਔਗੁਣ ਹੋ ਜਾਂਦਾ ਹੈ। ਮੇਰੇ ਵੱਸ ਨਹੀਂ। ਆਪ ਜੀ ਦੀ ਗੁਰਬਾਣੀ ਦਾ ਓਟ ਆਸਰਾ ਲੈ ਰਿਹਾ ਹਾਂ, ਕਿਰਪਾ ਕਰੋ ਇਸ ਔਗੁਣ ਤੋਂ ਛੁਟਕਾਰਾ ਦਿਵਾਓ। ਉਹ ਕਹਿਣ ਲੱਗਾ, ਬਾਬਾ ਜੀ ਇਹ ਬਚਨ ਮੰਨ ਲਵਾਂਗਾ। ਬਾਬਾ ਜੀ ਕਹਿਣ ਲੱਗੇ, ਤੇਰਾ ਔਗੁਣ ਕਿਸ ਢੰਗ ਨਾਲ ਛੁਡਵਾਉਣਾ ਹੈ, ਹੁਣ ਇਹ ਡਿਊਟੀ ਗੁਰੂ ਸਾਹਿਬ ਦੀ ਲੱਗ ਜਾਵੇਗੀ ਕਿਉਂਕਿ ਗੁਰਬਾਣੀ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ:

*ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥*
*ਗੁਰ ਬਚਨੀ ਹਰਿ ਨਾਮੁ ਉਚਰੈ ॥*

*(ਅੰਗ ੨੮੬)*

ਕੋਈ ਔਗੁਣ ਕਿਸੇ ਕੋਲੋਂ ਨਹੀਂ ਛੱਡਿਆ ਜਾ ਰਿਹਾ ਹੈ, ਉਸ ਦੇ ਵੱਸ ਵਿੱਚ ਨਹੀਂ ਤੇ ਉਹ ਸ੍ਰੀ ਸੁਖਮਨੀ ਸਾਹਿਬ ਜੀ ਦਾ ਇੱਕ ਪਾਠ ਜਾਂ 1-2 ਪਾਠ ਸ੍ਰੀ ਜਪੁ ਜੀ ਸਾਹਿਬ ਦੇ ਆਪਣੇ ਨੇਮ ਤੋਂ ਵੱਧ ਹਾਜ਼ਰੀ ਲਗਾਵੇ ਤੇ ਪਿਆਰ ਸਹਿਤ ਅਰਦਾਸਾਂ ਬੇਨਤੀਆਂ ਸਤਿਗੁਰੂ ਜੀ ਅੱਗੇ ਕਰੇ ਤੇ ਉਸ ਔਗੁਣ ਨੂੰ ਉਸ ਸਰੀਰ ਦੇ ਅੰਦਰੋਂ ਕੱਢਣ ਦੀ ਡਿਊਟੀ ਫਿਰ ਗੁਰੂ ਸਾਹਿਬ ਦੀ ਲੱਗ ਜਾਂਦੀ ਹੈ।

ਦੂਸਰੀ ਜੁਗਤੀ, ਜੇ ਕੋਈ ਔਗੁਣ ਨਹੀਂ ਛੱਡਿਆ ਜਾ ਰਿਹਾ ਤਾਂ ਥੋੜ੍ਹੇ-ਥੋੜ੍ਹੇ ਦਿਨਾਂ ਦਾ ਆਪਣੇ ਤੇ ਬੈਨ ਲਗਾ ਲਓ ਕਿ ਇੰਨੇ ਦਿਨ ਇਹ ਮਾੜਾ ਕੰਮ ਮੈਂ ਨਹੀਂ ਕਰਨਾ। ਥੋੜ੍ਹੇ-ਥੋੜ੍ਹੇ ਦਿਨਾਂ ਦੇ ਉਸ ਔਗੁਣ ਨੂੰ ਛੱਡਣ ਪ੍ਰਤੀ ਲਗਾਏ ਬੈਨ ਜੀਵਨ ਬਦਲ ਦਿੰਦੇ ਹਨ।

ਦਾਸ ਦੇ ਸਾਹਮਣੇ ਇੱਕ ਜਿਕਰ ਆ ਗਿਆ ਕਾਫੀ ਸਾਲ ਪਹਿਲਾਂ ਦੀ ਗੱਲ ਹੈ। ਇੱਕ ਟਰੇਨ ਦੇ ਟੀ.ਟੀ. ਨੇ ਆਪਣੀ ਹੱਡ-ਬੀਤੀ ਲਿਖੀ। ਇੱਕ ਰਸਾਲੇ ਵਿੱਚ ਦਾਸ ਨੇ ਉਸ ਨੂੰ ਪੜ੍ਹਿਆ। ਉਸ ਟੀ.ਟੀ. ਨੇ ਲਿਖਿਆ ਕਿ

ਇੱਕ ਦਿਨ ਮੈਂ ਗੱਡੀ ਵਿੱਚ ਟਿਕਟਾਂ ਚੈੱਕ ਕਰ ਰਿਹਾ ਸੀ ਤੇ ਉਸ ਟਰੇਨ ਵਿੱਚ ਹਿੰਦੂ ਧਰਮ ਦੇ ਮਹਾਂਪੁਰਸ਼ ਬੈਠੇ ਸੀ- ਸੰਤ ਲੀਲਾ ਸ਼ਾਹ ਜੀ। ਚਿਹਰੇ 'ਤੇ ਬੜਾ ਨੂਰ। 10-12 ਸੇਵਕ ਵੀ ਨਾਲ। ਟੀ.ਟੀ. ਲਿਖਦਾ ਹੈ ਕਿ ਮੈਂ ਟਿਕਟਾਂ ਚੈੱਕ ਕੀਤੀਆਂ ਤੇ ਸੇਵਕਾਂ ਨੂੰ ਪੁੱਛਿਆ ਕਿ ਇਹ ਕੌਣ ਹਨ ਤਾਂ ਉਨ੍ਹਾਂ ਨੇ ਕਿਹਾ ਕਿ ਸੰਤ ਲੀਲਾ ਸ਼ਾਹ ਜੀ। ਟੀ.ਟੀ. ਨੇ ਕਿਹਾ ਕਿ ਮੈਂ ਵੀ ਹੱਥ ਜੋੜ ਕੇ ਮਹਾਂਪੁਰਸ਼ਾਂ ਨੂੰ ਬੇਨਤੀ ਕੀਤੀ ਕਿ ਮਹਾਂਪੁਰਸ਼ੋ! ਮੈਨੂੰ ਵੀ ਆਸ਼ੀਰਵਾਦ ਦਿਓ। ਮੈਨੂੰ ਵੀ ਅਸੀਸ ਦਿਓ ਤੇ ਟੀ.ਟੀ. ਆਪਣੀ ਬੀਤੀ ਲਿਖਦਾ ਹੈ ਕਿ ਜਦੋਂ ਮੈਂ ਇਹ ਗੱਲ ਕਹੀ ਤਾਂ ਉਸ ਨੇ ਲਿਖਿਆ ਕਿ ਮਹਾਂਪੁਰਸ਼ ਚੁੱਪ। ਉਸ ਨੇ ਕਿਹਾ ਕਿ ਜਦੋਂ ਮੈਂ ਦੂਸਰੀ ਵਾਰ ਕਿਹਾ ਕਿ ਮੈਨੂੰ ਵੀ ਅਸੀਸ ਦਿਓ, ਆਸ਼ੀਰਵਾਦ ਦਿਓ। ਮਹਾਂਪੁਰਸ਼ ਫਿਰ ਚੁੱਪ। ਉਸ ਨੇ ਲਿਖਿਆ ਕਿ ਜਦੋਂ ਮੈਂ ਤੀਸਰੀ ਵਾਰ ਕਿਹਾ ਤਾਂ ਮਹਾਂਪੁਰਸ਼ ਕਹਿਣ ਲੱਗੇ ਕਿ ਅਸੀਸ ਫਰੀ ਨਹੀਂ ਮਿਲਦੀ, ਭੇਟਾ ਲੱਗਦੀ ਏ। ਆਖੋ ਸਤਿਨਾਮ ਸ੍ਰੀ ਵਾਹਿਗੁਰੂ। ਆਸ਼ੀਰਵਾਦ ਲੈਣਾ ਹੈ ਜਿਸਦੇ ਪੰਜਾਂ ਜਗ੍ਹਾ 'ਤੇ ਅੰਮ੍ਰਿਤ ਆਇਆ ਹੋਵੇ। ਇਹ ਵੀ ਬੰਦਗੀ ਦੀ ਇੱਕ ਸਟੇਜ ਹੈ। ਬੰਦਗੀ ਕਰਦਿਆਂ ਹੱਥਾਂ 'ਤੇ ਅੰਮ੍ਰਿਤ ਆ ਜਾਂਦਾ ਹੈ, ਨੇਤਰਾਂ ਵਿੱਚ, ਰਸਨਾ 'ਤੇ, ਹਿਰਦੇ ਵਿੱਚ ਤੇ ਪੈਰਾਂ 'ਤੇ। ਇਸ ਅਵਸਥਾ ਦੇ ਉਹ ਮਾਲਕ ਹੋਣਗੇ। ਉਹ ਟੀ.ਟੀ. ਲਿਖਦਾ ਹੈ ਕਿ ਮਹਾਂ ਪੁਰਸ਼ ਕਹਿਣ ਲੱਗੇ ਕਿ ਭੇਟਾ ਲੱਗਦੀ ਹੈ। ਉਸ ਨੇ ਸੋਚਿਆ ਕਿ ਇਹੀ 21/- ਰੁ:, 51/- ਰੁ: ਕਹਿਣਗੇ ਕਿਉਂਕਿ ਅੱਜਕਲ੍ਹ ਨਕਲੀਆਂ ਦੀ ਬਹੁਤ ਲਾਈਨ ਲੱਗੀ ਹੋਈ ਹੈ। ਬਾਬਾ ਨੰਦ ਸਿੰਘ ਜੀ ਕਹਿੰਦੇ ਸਨ ਕਿ ਜਿਹੜਾ ਮਹਾਂਪੁਰਸ਼, ਸੰਤ ਮਾਇਆ ਨਾਲ ਜੁੜਿਆ ਹੈ, ਉਹ ਕੌਡੀ ਦਾ ਨਹੀਂ ਅਤੇ ਜਿਸ ਗ੍ਰਹਿਸਥੀ ਕੋਲ ਮਾਇਆ ਨਹੀਂ, ਉਹ ਵੀ ਕੌਡੀ ਦਾ ਨਹੀਂ। ਸੰਤ ਮਹਾਂਪੁਰਸ਼ ਮਾਇਆ ਵਿੱਚ ਵਿਚਰਦਾ ਹੈ ਪਰ ਅੰਦਰੋਂ ਪਕੜ ਨਹੀਂ ਰੱਖਦਾ। ਉਹ ਟੀ.ਟੀ ਕਹਿਣ ਲੱਗਾ ਕਿ ਭੇਟਾ ਕੀ ਤਾਂ ਸੰਤ ਲੀਲਾ ਸ਼ਾਹ ਜੀ ਕਹਿਣ ਲੱਗੇ ਕਿ ਆਸ਼ੀਰਵਾਦ ਲੈਣਾ ਹੈ, ਆਉਣਾ ਤਾਂ ਭਾਵੇਂ ਰੱਬ ਦੇ ਘਰ ਵਿੱਚੋਂ ਹੈ ਪਰ ਸਾਡੇ ਨਾਲ ਬਚਨ ਕਰ ਕਿ ਅੱਜ ਤੋਂ ਬਾਅਦ ਕ੍ਰੋਧ ਛੱਡਿਆ। ਆਖੋ ਸਤਿਨਾਮ ਸ੍ਰੀ ਵਾਹਿਗੁਰੂ। ਉਹ ਟੀ.ਟੀ. ਹਕੀਕਤ ਲਿਖਦਾ ਹੈ ਕਿ ਮੈਂ ਹੱਥ ਖੜ੍ਹੇ ਕੀਤੇ ਤੇ ਕਿਹਾ ਕਿ ਮਹਾਂਪੁਰਸ਼ੋ! ਆਸ਼ੀਰਵਾਦ ਦੇਣਾ ਹੈ ਤੇ ਦਿਓ, ਨਹੀ ਦੇਣਾ ਨਾ ਦਿਓ ਪਰ ਇਹ ਕ੍ਰੋਧ ਛਡਣਾ ਬਹੁਤ ਔਖਾ ਹੈ। ਉਹ ਕਹਿਣ ਲੱਗਾ ਕਿ ਮੈਂ ਕ੍ਰੋਧ ਨਹੀਂ ਛੱਡ ਸਕਦਾ। ਟੀ.ਟੀ. ਹਕੀਕਤ ਲਿਖਦਾ ਹੈ ਕਿ ਮਹਾਂਪੁਰਸ਼ ਕਹਿਣ ਲੱਗੇ ਕਿ ਔਖਾ ਹੈ ਛਡਣਾ ਤਾਂ ਮੈਂ ਕਿਹਾ ਕਿ ਮੈਂ ਨਹੀਂ ਛੱਡ ਸਕਦਾ। ਜਿਹੜਾ ਪੂਰਨ ਮਹਾਂਪੁਰਸ਼ ਹੁੰਦਾ ਹੈ, ਜਦੋਂ ਇਹ ਦੇਖਦਾ ਹੈ ਕਿ ਸੌਦਾ ਨਹੀਂ ਵਿਕ ਰਿਹਾ ਤਾਂ ਭੇਟਾ ਘਟਾ ਵੀ ਦਿੰਦੇ ਨੇ। ਤੋਰਨਾ ਹੈ ਨਾ ਜਗਤ ਨੂੰ। ਸੰਤ ਲੀਲਾ ਸ਼ਾਹ ਜੀ ਕਹਿਣ ਲੱਗੇ, ਪੁਰਖਾ! ਇੱਕ ਗੱਲ ਹੋਰ। ਰਿਆਇਤ ਕਰ ਦਿੰਦੇ ਹਾਂ। ਸਾਡੇ ਨਾਲ ਬਚਨ ਕਰ ਕਿ ਇਹ ਔਗੁਣ ਹਫਤੇ ਵਾਸਤੇ ਛੱਡਿਆ। ਇਹ ਗੱਲ ਅੰਦਰ ਪੈ ਜਾਵੇ ਕਿ ਅਸੀਂ ਔਗੁਣ ਨੂੰ ਕਿਵੇਂ ਛੱਡ ਸਕਦੇ ਹਾਂ ਤਾਂ ਇਹ ਜ਼ਿਕਰ ਲਿਆ ਹੈ, ਹੋਰ ਇਸ ਦਾ ਕੋਈ ਮਤਲਬ ਨਹੀਂ। ਟੀ.ਟੀ. ਲਿਖਦਾ ਹੈ ਕਿ ਜਦੋਂ ਸੰਤ ਜੀ ਨੇ ਇੰਨੇ ਬਚਨ ਕਹੇ ਕਿ ਹਫਤੇ ਵਾਸਤੇ ਛੱਡ ਦੇ ਤਾਂ ਮੇਰੇ ਮਨ ਨੇ ਆਪਣੇ ਆਪ ਅਵਾਜ਼ ਦੇ ਦਿੱਤੀ ਤੇ ਕਹਿਣ ਲੱਗਾ ਕਿ ਹਾਂ, ਮਹਾਂਪੁਰਸ਼ੋ ਇਹ ਮੰਨ ਸਕਦਾ ਹਾਂ ਕਿ ਹਫਤੇ ਵਾਸਤੇ ਛੱਡ ਸਕਦਾ ਹਾਂ। ਉਹ ਲਿਖਦਾ ਹੈ ਕਿ ਜਦੋਂ ਮੈਂ ਇਹ ਕਿਹਾ ਕਿ ਸੱਤ ਦਿਨਾਂ ਲਈ ਇਹ ਔਗੁਣ ਛੱਡਿਆ ਤਾਂ ਮਹਾਂਪੁਰਸ਼ਾਂ ਨੇ ਆਸ਼ੀਰਵਾਦ ਵੀ ਦਿੱਤਾ, ਪਿਆਰ ਵੀ ਦਿੱਤਾ, ਸਿਰ 'ਤੇ ਹੱਥ ਵੀ ਰੱਖਿਆ। ਉਸ ਨੇ ਲਿਖਿਆ ਕਿ ਅਗਲਾ ਸਟੇਸ਼ਨ ਆਇਆ, ਮਹਾਂਪੁਰਸ਼ ਉਤਰ ਗਏ। ਮੈਂ ਆਪਣੇ ਘਰ, ਉਹ ਆਪਣੀ ਜਗ੍ਹਾ। ਉਸ ਨੇ ਲਿਖਿਆ ਕਿ ਤੀਸਰਾ ਦਿਨ ਸੀ। ਜ਼ਰਾ ਧਿਆਨ ਦੇਣਾ। ਤੀਜਾ ਦਿਨ ਸੀ ਤੇ ਮੈਂ ਗੱਡੀ ਵਿੱਚ ਟਿਕਟਾਂ ਚੈੱਕ ਕਰ ਰਿਹਾ ਸੀ ਤੇ ਰਾਤ ਦੇ ਵਜੇ ਸੀ

ਪੌਣੇ ਦਸ। ਉਸ ਨੇ ਲਿਖਿਆ ਕਿ ਉਤਲੀ ਸੀਟ 'ਤੇ ਸਵਾਰੀ ਸੁੱਤੀ ਸੀ ਤੇ ਟਿਕਟਾਂ ਚੈੱਕ ਕਰਦੇ-ਕਰਦੇ ਜਿਵੇਂ ਸੁਭਾਅ ਹੁੰਦਾ ਹੈ, ਮੈਂ ਉਸ ਨੂੰ ਹਿਲਾ ਕੇ ਕਿਹਾ ਕਿ ਟਿਕਟ ਬਈ। ਉਸ ਨੇ ਲਿਖਿਆ ਕਿ ਜਦੋਂ ਮੈਂ ਇੰਨਾ ਹਿਲਾ ਕੇ ਪੁੱਛਿਆ ਕਿ ਟਿਕਟ ਬਈ ਤਾਂ ਉਹ ਕਹਿਣ ਲੱਗਾ ਕਿ ਸਵਾਰੀ ਤਾਂ ਉੱਠ ਕੇ ਬੈਠ ਗਈ ਤੇ ਟੀ.ਟੀ. ਨੇ ਰਸਾਲੇ ਵਿੱਚ ਬਚਨ ਲਿਖੇ ਹਨ ਕਿ ਸਵਾਰੀ ਕਹਿਣ ਲੱਗੀ ਕਿ ਜਦੋਂ ਦਿਲ ਕਰਦਾ ਹੈ ਮੂੰਹ ਚੁੱਕ ਕੇ ਆ ਜਾਂਦੇ ਨੇ। ਸਵਾਰੀ ਕਹਿਣ ਲੱਗੀ ਕਿ ਕਦੋਂ ਦਾ ਮੈਂ ਥੱਕਿਆ। ਮੈਨੂੰ ਪਤਾ ਨਹੀਂ ਕਿਸ ਤਰ੍ਹਾਂ ਨੀਂਦ ਆਈ। ਤੁਸੀਂ ਮੇਰੀ ਨੀਂਦ ਭੰਗ ਕਰ ਦਿੱਤੀ। ਟੀ.ਟੀ. ਮਨ ਵਿੱਚ ਸੋਚਣ ਲੱਗਾ ਕਿ ਮੈਂ ਟਿਕਟ ਚੈੱਕਰ ਤੇ ਮੈਂ ਜਦੋਂ ਮਰਜ਼ੀ ਆ ਕੇ ਟਿਕਟ ਚੈੱਕ ਕਰਾਂ ਤੇ ਤੂੰ ਇੰਨਾ ਕੁਝ ਸਵਾਰੀਆਂ ਸਾਹਮਣੇ ਬੋਲ ਦਿੱਤਾ ਹੈ। ਜਦੋਂ ਉਸ ਨੇ ਇੰਨੀ ਗੱਲ ਕਹੀ ਤਾਂ ਟੀ.ਟੀ. ਨੇ ਸੋਚਿਆ ਕਿ ਇਧਰੋਂ ਵੀ ਗੁੱਸਾ ਕ੍ਰੋਧ ਸ਼ੁਰੂ ਹੋਣ ਲੱਗਾ। ਲਿਖਦਾ ਹੈ ਕਿ ਜਦੋਂ ਮੈਨੂੰ ਵੀ ਗੁੱਸਾ ਆਉਣ ਲੱਗਾ ਤੇ ਨਾਲ ਹੀ ਖਿਆਲ ਆ ਗਿਆ ਕਿ ਅੱਜ ਤੀਜਾ ਦਿਨ ਹੈ। ਮੈਂ ਤਾਂ ਬਚਨ ਕੀਤਾ ਹੈ ਕਿ ਸੱਤ ਦਿਨ ਕ੍ਰੋਧ ਨਹੀਂ ਕਰਨਾ, ਕਿਸੇ ਨਾਲ ਗੁੱਸੇ ਨਾਲ ਨਹੀਂ ਬੋਲਣਾ। ਟੀ.ਟੀ. ਲਿਖਦਾ ਹੈ ਕਿ ਮੈਂ ਪਤਾ ਨਹੀਂ ਗੁੱਸਾ ਕਿਸ ਤਰ੍ਹਾਂ ਪੀ ਗਿਆ ਤੇ ਸਵਾਰੀ ਨੂੰ ਹੱਥ ਜੋੜ ਕੇ ਕਿਹਾ ਕਿ ਮੁਆਫੀ ਦੇਣੀ, ਮੈਂ ਤੁਹਾਡੀ ਨੀਂਦ ਭੰਗ ਕਰ ਦਿੱਤੀ ਹੈ, ਮੈਨੂੰ ਤੁਸੀਂ ਹੀ ਦੱਸ ਦਿਓ ਕਿ ਮੈਂ ਕਿਸ ਵੇਲੇ ਆ ਕੇ, ਕਿਹੜੇ ਟਾਈਮ ਆ ਕੇ ਤੁਹਾਡੀਆਂ ਟਿਕਟਾਂ ਚੈੱਕ ਕਰਾਂ। ਟੀ.ਟੀ. ਲਿਖਦਾ ਹੈ ਕਿ ਜਦੋਂ ਮੈਂ ਇੰਨੀ ਗੱਲ ਕਹੀ ਤਾਂ ਉਹੀ ਸਵਾਰੀ ਛਾਲ ਮਾਰ ਕੇ ਥੱਲੇ ਆ ਗਈ ਤੇ ਕਹਿਣ ਲੱਗੀ ਕਿ ਨੀਂਦ ਵਿੱਚ ਮਾੜੇ ਬਚਨ ਬੋਲ ਕੇ ਤੁਹਾਡਾ ਦਿਲ ਦੁਖਾਇਆ ਹੈ ਤੇ ਤੁਸੀਂ ਟੀ.ਟੀ. ਹੁੰਦਿਆਂ ਵੀ ਇਹੀ ਕਿਹਾ ਕਿ ਮੈਂ ਕਿਸ ਵੇਲੇ ਆ ਕੇ ਟਿਕਟ ਚੈੱਕ ਕਰਾਂ। ਇਸ ਲਈ ਮੈਨੂੰ ਮੁਆਫੀ ਦੇਣੀ। ਟੀ.ਟੀ. ਲਿਖਦਾ ਹੈ ਕਿ ਮੈਂ ਟਿਕਟ ਚੈੱਕ ਕੀਤੀ। ਅਗਲੇ ਡੱਬੇ ਵਿੱਚ ਗਿਆ ਅਤੇ ਜਦੋਂ ਵਾਪਸ ਆਇਆ ਤਾਂ ਉਹੀ ਸਵਾਰੀ ਆਪਣਾ ਰੋਟੀ ਦਾ ਡੱਬਾ ਖੋਲ੍ਹ ਕੇ ਬੈਠੀ ਸੀ ਤੇ ਉਸ ਨੇ ਬਾਂਹ ਫੜ ਕੇ ਮੈਨੂੰ ਕੋਲ ਬਿਠਾ ਲਿਆ ਤੇ ਕਹਿਣ ਲੱਗਾ Sorry ਕਿ ਅੱਜ ਮੈਂ ਮਾੜੇ ਬਚਨ ਬੋਲ ਕੇ ਤੁਹਾਡਾ ਦਿਲ ਦੁਖਾਇਆ ਹੈ ਤੇ ਤੁਸੀਂ ਟੀ.ਟੀ ਹੁੰਦਿਆਂ ਵੀ ਹੱਥ ਜੋੜ ਕੇ ਕਿਹਾ ਕਿ ਮੈਂ ਕਦੋਂ ਆ ਕੇ ਟਿਕਟ ਚੈੱਕ ਕਰਾਂ। ਮੈਨੂੰ ਮੁਆਫ ਕਰ ਦਿਓ, ਟੀ.ਟੀ. ਕਹਿੰਦਾ ਕੋਈ ਗੱਲ ਨਹੀਂ। ਉਹ ਸਵਾਰੀ ਕਹਿੰਦੀ ਮੈਂ ਤਾਂ ਸਮਝਾਂਗਾ ਤੁਸੀਂ ਮੈਨੂੰ ਮੁਆਫ ਕਰ ਦਿੱਤਾ ਜਦ ਤੁਸੀਂ ਮੇਰੇ ਨਾਲ ਬੈਠ ਕੇ ਖਾਣਾ ਖਾਓਗੇ। ਅੱਜ ਅਸੀਂ ਇੱਕਠੇ ਰੋਟੀ ਖਾਣੀ ਹੈ। ਟੀ.ਟੀ. ਲਿਖਦਾ ਹੈ ਕਿ ਅਸੀਂ ਜਦੋਂ ਇਕੱਠੇ ਰੋਟੀ ਖਾ ਰਹੇ ਸੀ ਤਾਂ ਮੈਂ ਸੋਚਿਆ ਕਿ ਇੱਕ ਨਿੱਕੇ ਜਿਹੇ ਕੰਟਰੋਲ ਨੇ ਸਾਡਾ ਕਿੰਨਾ ਪਿਆਰ ਪਾ ਦਿੱਤਾ ਹੈ। ਰਸਨਾ ਦੀ ਇੰਦਰੀ 'ਤੇ ਨਿੱਕਾ ਜਿਹਾ ਕੰਟਰੋਲ ਕੀਤਾ ਹੈ ਤੇ ਇਕੱਠੇ ਬੈਠ ਕੇ ਰੋਟੀ ਖਾ ਰਹੇ ਹਾਂ ਤੇ ਜੇ ਰਸਨਾ ਦੀ ਇੰਦਰੀ 'ਤੇ ਕੰਟਰੋਲ ਨਾ ਕੀਤਾ ਹੁੰਦਾ ਤਾਂ ਕਿੰਨਾ ਵੱਡਾ ਵਖਰੇਵਾਂ ਪਿਆ ਹੋਣਾ ਸੀ। ਇਹ ਚੀਜ਼ ਆਪਣੇ 'ਤੇ ਲੈਣਾ ਜੇ ਹਮੇਸ਼ਾਂ ਵਾਸਤੇ ਕ੍ਰੋਧ ਨਾ ਛੱਡ ਸਕੋ ਤਾਂ ਥੋੜ੍ਹੇ-ਥੋੜ੍ਹੇ ਦਿਨਾਂ ਲਈ ਬੈਨ ਲਗਾ ਕੇ ਛੱਡ ਦੇਣਾ। ਥੋੜ੍ਹੇ-ਥੋੜ੍ਹੇ ਬੈਨ ਲਗਾ ਕੇ ਜ਼ਿੰਦਗੀ ਨੂੰ ਤੋਰਨਾ ਪਰ ਤੋਰਨਾ ਜ਼ਰੂਰ।

ਤੀਸਰੀ ਜੁਗਤੀ- ਮਹਾਂਪੁਰਸ਼ ਸਮਝਾਉਂਦੇ ਸਨ ਕਿ ਜੇ ਕੋਈ ਔਗੁਣ ਨਹੀਂ ਛੱਡਿਆ ਜਾ ਰਿਹਾ ਹੈ ਤੇ ਘਰ ਇੱਕ ਡਾਇਰੀ ਲਗਾ ਲਓ। ਰਾਤ ਨੂੰ ਸੌਣ ਤੋਂ ਪਹਿਲਾਂ ਜਿੰਨੀ ਵਾਰੀ ਵੀ ਉਹ ਔਗੁਣ ਹੋਇਆ ਹੈ, ਉਹ ਡਾਇਰੀ ਤੇ ਨੋਟ ਕਰਿਆ ਕਰੋ। ਇੱਕ ਦਿਨ ਆ ਜਾਵੇਗਾ, ਤੁਹਾਡੇ ਮਨ ਅੰਦਰ ਆਪਣੇ ਆਪ ਇਹ ਖਿਆਲ ਆ ਜਾਵੇਗਾ ਕਿ ਹਰ ਰੋਜ਼ ਕਈ ਵਾਰ ਇਹ ਔਗੁਣ ਕੀਤਾ ਜਾ ਰਿਹਾ ਹੈ ਇਹ ਔਗੁਣ ਰੋਜ਼ਾਨਾ ਨਾ ਹੋਵੇ, ਸਗੋਂ ਘਟੇ।

ਇਤਿਹਾਸ ਵਿੱਚ ਇੱਕ ਸਾਖੀ ਆਉਂਦੀ ਹੈ। ਸ੍ਰੀ

ਗੁਰੂ ਅਰਜਨ ਦੇਵ ਜੀ ਕੋਲ ਦੋ ਚੌਧਰੀ ਦਰਸ਼ਨ ਕਰਨ ਆਏ ਤੇ ਹਰ ਮੱਸਿਆ ਤੇ ਦਰਸ਼ਨ ਕਰਨ ਆਉਂਦੇ ਸਨ, ਇਨ੍ਹਾਂ ਦਾ ਨਾਮ ਇਤਿਹਾਸ ਵਿੱਚ ਆਉਂਦਾ ਹੈ ਭਾਈ ਚੂਹੜ ਤੇ ਪੂਰੀਆ ਜੀ। ਇੱਕ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਨ੍ਹਾਂ ਦੋਨਾਂ ਸਿੱਖਾਂ ਨੂੰ ਪੁੱਛਿਆ ਕਿ ਤੁਸੀਂ ਕੰਮ ਕੀ ਕਰਦੇ ਹੋ ਤੇ ਇਹ ਕਹਿੰਦੇ ਮਹਾਰਾਜ ਜੀ ਅਸੀਂ ਪਿੰਡ ਦੇ ਚੌਧਰੀ ਹਾਂ, ਮਹਾਰਾਜ ਕਹਿਣ ਲੱਗੇ ਕਿਸੇ ਨਾਲ ਝੂਠ ਤਾਂ ਨਹੀਂ ਬੋਲਦੇ ਅੱਗੋਂ ਕਹਿਣ ਲੱਗੇ ਮਹਾਰਾਜ ਅਸੀਂ ਪਿੰਡ ਦੇ ਚੌਧਰੀ ਹਾਂ। ਜੇ ਝੂਠ ਨਾ ਬੋਲੀਏ ਤੇ ਸਾਡਾ ਗੁਜ਼ਾਰਾ ਹੀ ਨਹੀਂ। ਮਹਾਰਾਜ ਜੀ ਕਹਿੰਦੇ :

*ਕੂੜੁ ਬੋਲਿ ਮੁਰਦਾਰੁ ਖਾਇ ॥*

*(ਅੰਗ ੧੩੯)*

ਇੱਕ ਝੂਠ ਪਿੱਛੇ ਇੱਕ ਮੁਰਦਾ ਖਾਣਾ ਪੈਂਦਾ ਹੈ।

*ਕੂੜੁ ਬੋਲਿ ਮੁਰਦਾਰੁ ਖਾਇ ॥*

*(ਅੰਗ ੧੩੯)*

ਕੀ ਲੋੜ ਹੈ? ਇਸ ਦਾ ਤਿਆਗ ਕਰੋ। ਇਹ ਪਤਾ ਹੈ ਝੂਠ ਕਿੰਨਾ ਮਾੜਾ ਹੈ। ਮਹਾਰਾਜ ਕਹਿਣ ਲੱਗੇ ਝੂਠ ਨਾ ਬੋਲਿਆ ਕਰੋ। ਇਹ ਦੋਨੋਂ ਪੰਜ ਮਿੰਟ ਸੋਚ ਕੇ ਕਹਿੰਦੇ ਸੱਚੇ ਪਾਤਸ਼ਾਹ ਜੀ ਇਹ ਮੁਸ਼ਕਲ ਹੈ ਛੱਡਣਾ। ਛੱਡਿਆ ਨਹੀਂ ਜਾਣਾ। ਇਸਦਾ ਤਿਆਗ ਨਹੀਂ ਹੋਣਾ। ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ, ਜੇ ਝੂਠ ਦਾ ਤਿਆਗ ਨਹੀਂ ਕਰ ਸਕਦੇ ਤੇ ਇੱਕ ਕੰਮ ਕਰ ਲਓਗੇ। ਜੀ, ਉਹ ਕੀ? ਕਹਿਣ ਲੱਗੇ, ਇੱਕ ਕਾਪੀ 'ਤੇ ਲਿਖ ਹੀ ਲਿਆ ਕਰੋ। ਅੱਜ ਕਿੰਨੇ ਝੂਠ ਬੋਲੇ ਹਨ। ਅਗਲੀ ਮੱਸਿਆ ਨੂੰ ਆਓਗੇ ਤੇ ਕਾਪੀ ਲੈ ਕੇ ਆਉਣਾ ਕਿ ਰੋਜ਼ ਕਿੰਨੇ ਝੂਠ ਬੋਲੇ ਹਨ। ਮਹਾਰਾਜ ਜੀ ਨੇ ਇਹ ਵਿਧੀ ਦੇ ਦਿੱਤੀ ਜਦੋਂ ਆਪਣੇ ਨਗਰ ਚਲੇ ਗਏ। ਗੁਰੂ ਸਾਹਿਬ ਜੀ ਨੇ ਕਿਹਾ ਸੀ ਲਿਖਣਾ ਹੈ ਕਿ ਦਿਨ ਵਿੱਚ ਕਿੰਨੀ ਵਾਰ ਝੂਠ ਬੋਲਿਆ ਹੈ। ਜਦੋਂ ਸਾਰਾ ਦਿਨ ਬੀਤਿਆ, ਸਾਰਾ ਸੋਚਿਆ ਕਿ ਅੱਜ ਕਿੰਨੇ ਝੂਠ ਬੋਲੇ ਹਨ ਤੇ ਲਿਖਿਆ ਕਿ ਅੱਜ ਇਸ ਤਾਰੀਖ ਨੂੰ 17 ਝੂਠ ਬੋਲੇ ਹਨ। ਵਿਧੀ ਦੇ ਦਿੱਤੀ ਮਹਾਰਾਜ ਜੀ ਨੇ ਕਿ ਔਗੁਣ ਦੀ ਪਹਿਚਾਣ ਤਾਂ ਹੋ ਜਾਵੇ। ਹੁਣ ਦੋਵੇਂ ਚੌਧਰੀ ਸੋਚਦੇ ਹਨ, ਹੈ ਸਿੱਖ ਸੀ, ਪਿੰਡ ਦੇ ਚੌਧਰੀ ਸੀ ਤੇ ਆਪਣੇ ਮਨ ਨੂੰ ਕਹਿਣ ਲੱਗੇ, ਮਨਾ ਕੱਲ ਕਿਉਂ ਨਾ ਹੋਵੇ ਇਹ ਝੂਠ 19 ਨਾ ਹੋਣ, 15 ਹੀ ਹੋਣ। ਅਗਲੇ ਦਿਨ ਧਿਆਨ ਰੱਖਿਆ ਤੇ 15 ਹੋ ਗਏ ਫਿਰ ਅਗਲੇ ਦਿਨ ਸੋਚਦੇ ਹਨ ਕਿ 15 ਦੇ 16 ਨਾ ਹੋਣ, 13-14 ਹੀ ਹੋਣ। ਧਿਆਨ ਰੱਖਿਆ 13 ਹੋ ਗਏ। ਅਗਲੀ ਮੱਸਿਆ ਨੂੰ ਜਦੋਂ ਆਏ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨਾਂ 'ਚ ਮੱਥਾ ਟੇਕਿਆ ਤੇ ਮਹਾਰਾਜ ਜੀ ਕਹਿਣ ਲੱਗੇ, ਕਾਪੀ ਲਿਆਏ ਹੋ ਜਿਸ 'ਤੇ ਲਿਖਿਆ ਹੈ। ਕਾਪੀ ਦਿਖਾਈ ਤੇ ਜਦੋਂ ਕਾਪੀ ਪੜ੍ਹੀ ਕਿ ਇੰਨੀ ਤਾਰੀਖ 17, ਇੰਨੀ ਤਾਰੀਖ ਨੂੰ 15, ਇੰਨੀ ਤਾਰੀਖ ਨੂੰ 13 ਹੁਣ ਅੱਗੇ ਜਾ ਕੇ ਤਾਰੀਖ ਪਾਈ ਹੈ ਤੇ ਖਾਲੀ ਲਕੀਰ ਹੈ। ਅੱਗੇ ਫਿਰ ਖਾਲੀ ਲਕੀਰ। ਮਹਾਰਾਜ ਜੀ ਕਹਿੰਦੇ, ਕੀ ਗੱਲ ਅੱਗੇ ਲਿਖਿਆ ਨਹੀਂ, ਕਹਿਣ ਲੱਗੇ ਮਹਾਰਾਜ ਜੀ, ਤੁਸੀਂ ਵਿਧੀ ਦੇ ਦਿੱਤੀ ਹੈ। ਜਿਸ ਦਿਨ 17 ਵਾਰ ਝੂਠ ਬੋਲਿਆ ਫਿਰ ਲਿਖਿਆ ਤੇ ਸ਼ਰਮ ਬੜੀ ਆਈ। ਸਤਿਗੁਰੂ ਜੀ ਆਪ ਜੀ ਦੀ ਕਿਰਪਾ ਹੋ ਗਈ। ਅਗਲੇ ਦਿਨ ਧਿਆਨ ਰੱਖਿਆ ਤੇ 15 ਹੋ ਗਏ। ਅਗਲੇ ਦਿਨ ਫਿਰ ਧਿਆਨ ਰੱਖਿਆ ਤੇ ਸਤਿਗੁਰੂ ਜੀ ਆਪ ਜੀ ਦੀ ਕ੍ਰਿਪਾ ਹੋ ਗਈ ਚੰਦ ਦਿਨਾਂ ਬਾਅਦ ਜਿੱਥੇ ਖਾਲੀ ਲਕੀਰ ਪਈ ਹੈ, ਉਸ ਦਿਨ ਇੱਕ ਵੀ ਝੂਠ ਨਹੀਂ ਬੋਲਿਆ।

*ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥*

*(ਅੰਗ ੪੬੮)*

ਇਹ ਠੀਕ ਹੈ ਕਿ ਕੋਈ ਔਗੁਣ ਜੀਵਨ ਵਿੱਚੋਂ ਬਹੁਤ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਵੀ ਨਹੀਂ ਨਿਕਲਦਾ ਪਰ ਜੇ ਜੁਗਤੀ ਹੋਵੇ ਤੇ ਉਹ ਔਗੁਣ ਵੀ ਜੀਵਨ ਵਿੱਚੋਂ ਨਿਕਲ ਜਾਂਦਾ ਹੈ ਤੇ ਕੀਤੀ ਹੋਈ ਕਮਾਈ ਵੀ ਸੰਭਾਲੀ ਰਹਿੰਦੀ ਹੈ।

# ਅਧਿਆਤਮਿਕ ਵਿਚਾਰਾਂ

ਭਾਈ ਸਾਹਿਬ
ਭਾਈ ਗੁਰਇਕਬਾਲ ਸਿੰਘ ਜੀ ਦੀਆਂ
ਕੀਰਤਨ ਵਿਚਾਰਾਂ ਵਿੱਚੋਂ ਬਚਨ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-

456

ਜਿਸਦੇ ਪੁੰਨ ਖਤਮ ਹੋ ਜਾਣ, ਉਹ ਸਤਿਸੰਗਤ ਕਰੇ, ਪੁੰਨ ਬਣਨੇ ਸ਼ੁਰੂ ਹੋ ਜਾਂਦੇ ਹਨ।

457

ਅਰਾਮ ਕਰਨ ਤੋਂ ਪਹਿਲਾਂ 2 ਮਿੰਟ ਲਈ ਸ਼ਬਦ ਵਿੱਚ ਸੁਚੇਤ ਹੋ ਜਾਵੋ, ਤੁਹਾਡਾ ਅਰਾਮ ਕੀਤਾ ਵੀ ਭਗਤੀ ਬਣ ਜਾਵੇਗਾ।

458

ਸਿੱਖ ਦੀ ਮਾਇਆ ਜੇਬ ਤੱਕ ਰਹੇ, ਕਦੀ ਵੀ ਇਸ ਦੀ ਮਾਇਆ ਹਿਰਦੇ ਤੇ ਨਾ ਬੈਠੇ।

459

ਭੜਕੀਲੀਆਂ ਪੁਸ਼ਾਕਾਂ ਗੁਪਤ ਤੌਰ ਤੇ ਮਨ ਨੂੰ ਵਿਕਾਰੀ ਕਰਦੀਆਂ ਹਨ।

—ਸੰਪਾਦਕ

ਜੀਵਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

# ਆਪਿ ਮੁਕਤੁ ਮੁਕਤ ਕਰੈ ਸੰਸਾਰੁ ॥



*-ਭਾਈ ਅਮਰੀਕ ਸਿੰਘ ਗਨੈਸ਼ਕ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ:-*

ਪਰਮੇਸ਼ਰ ਨੂੰ ਮਿਲਨ ਦੀ ਲਗਨ ਹਿਰਦੇ ਵਿੱਚ ਲੱਗੀ ਹੋਵੇ, ਜਗਿਆਸੂ ਉਹੀ ਹੁੰਦਾ ਹੈ। ਭਾਵੇਂ ਉਸਦਾ ਸੰਬੰਧ ਕਿਸੇ ਵੀ ਸੰਪਰਦਾ ਜਾਂ ਕਿਸੇ ਵੀ ਭੇਖ ਨਾਲ ਹੋਵੇ। ਵੈਰ-ਵਿਰੋਧ, ਵਾਦ-ਵਿਵਾਦ ਅਤੇ ਨੁਕਤਾਚੀਨੀਆਂ ਮੂੜ ਅਗਿਆਨੀਆਂ ਦੇ ਹਿੱਸੇ ਆਇਆ ਕਰਦੀਆਂ ਨੇ। ਪਰਮਾਰਥ ਦੇ ਪਾਂਧੀ ਪਿਆਰ ਸਤਿਕਾਰ ਨਾਲ ਪਰਮਾਰਥਕ ਵਿਚਾਰਾਂ ਰਾਹੀਂ ਲਾਹੇ ਪ੍ਰਾਪਤ ਕਰਦੇ ਹਨ।

ਰਾੜਾ ਸਾਹਿਬ ਵਾਲੇ ਮਹਾਂਪੁਰਸ਼ ਸਿੰਧ-ਸਖਰ ਆਏ ਹੋਏ ਸਨ। ਆਪ ਜੀ ਦੀ ਸੋਅ ਸੁਣ ਕੇ ਦੂਰੋਂ ਨੇੜਿਓਂ ਸੰਗਤ ਸ਼ਰਧਾ ਭਾਵਨਾ ਨਾਲ ਆ ਰਹੀ ਸੀ। ਇੱਕ ਸਵੇਰ ਦੋ ਸਾਧੂ ਆਏ। "ਆਓ ਮਹਾਂਪੁਰਖੋ! ਬੜੀ ਕਿਰਪਾ ਕੀਤੀ।" ਮਹਾਂਪੁਰਖਾਂ ਨੇ ਉਨ੍ਹਾਂ ਨੂੰ ਸਤਿਕਾਰ ਦਿੱਤਾ।

"ਮਹਾਰਾਜ ਜੀ ਸਾਨੂੰ ਸਾਧ ਬੇਲਾ ਦੇ ਅਸਥਾਨ ਤੋਂ ਸ੍ਰੀ ਮਹੰਤ ਜੀ ਨੇ ਬੇਨਤੀ ਕਰਨ ਲਈ ਭੇਜਿਆ ਹੈ ਕਿ ਅਸਥਾਨ ਤੇ ਕਿਰਪਾ ਕਰਕੇ ਦਰਸ਼ਨ ਦਿਓ।" ਦੋਨਾਂ ਸਾਧੂਆਂ ਨੇ ਹੱਥ ਜੋੜ ਕੇ ਬੇਨਤੀ ਕੀਤੀ।

ਸਾਧ-ਬੇਲਾ ਉਦਾਸੀ ਸੰਪਰਦਾ ਦੇ ਸਾਧੂਆਂ ਦਾ ਅਸਥਾਨ ਸੀ। ਕੀਰਤਨ ਦੇ ਪ੍ਰਵਾਹ ਚਲਦੇ ਰਹਿੰਦੇ। ਲੰਗਰ ਅਟੁੱਟ ਵਰਤਦਾ ਰਹਿੰਦਾ। ਆਏ ਗਏ ਸਾਧੂਆਂ ਦੀ ਸੇਵਾ ਕੀਤੀ ਜਾਂਦੀ। ਸੰਤ ਮਹਾਂਪੁਰਖ ਅਤੇ ਮੰਡਲੀਆਂ ਅਸਥਾਨ ਤੇ ਆਉਂਦੇ ਰਹਿੰਦੇ। ਰਾਹੀ ਪਾਂਧੀ ਵੀ ਪ੍ਰਸ਼ਾਦਾ ਛਕਦੇ, ਅਰਾਮ ਕਰਦੇ, ਕੀਰਤਨ ਸਰਵਣ ਕਰਦੇ।

ਇਸ ਵੇਲੇ ਅਸਥਾਨ ਤੇ ਮੁੱਖੀ ਮਹੰਤ ਹਰਨਾਮ ਦਾਸ ਜੀ ਸਨ। ਮਹਾਂਪੁਰਖਾਂ ਦੀ ਸੋਅ ਸੁਣ ਕੇ ਅਤੇ ਇਹ ਜਾਣ ਕੇ ਕਿ ਰਾੜਾ ਸਾਹਿਬ ਵਾਲੇ ਮਹਾਂਪੁਰਖ ਹੋਤੀ ਮਰਦਾਨ ਸੰਪਰਦਾ ਦੇ ਚਮਕਦੇ ਸਿਤਾਰੇ ਹਨ, ਮਹੰਤ ਹਰਨਾਮ ਦਾਸ ਜੀ ਨੇ ਇਨ੍ਹਾਂ ਦੋ ਸਾਧੂਆਂ ਨੂੰ ਭੇਜਿਆ ਸੀ। ਬਾਬਾ ਜੀ ਨੇ ਪਿਆਰ ਭਰੀ ਬੇਨਤੀ ਪ੍ਰਵਾਨ ਕੀਤੀ ਤੇ ਸ਼ਾਮ ਦੇ ਤਿੰਨ ਵਜੇ 'ਸਾਧ ਬੇਲਾ' ਦੇ ਅਸਥਾਨ ਤੇ ਪਹੁੰਚ ਗਏ। ਦੋਨੇ ਮਹਾਂਪੁਰਸ਼ ਪਰਸਪਰ ਪਿਆਰ ਅਤੇ ਸਤਿਕਾਰ ਨਾਲ ਮਿਲੇ। ਮਹੰਤ ਜੀ ਨੇ ਬੇਨਤੀ ਕਰਕੇ ਬਾਬਾ ਜੀ ਨੂੰ ਆਪਣੇ ਤੋਂ ਉੱਚੇ ਅਸਥਾਨ ਤੇ ਬਿਠਾਇਆ। ਮਹੰਤ ਜੀ ਦੇ ਨੇਤਰਾਂ ਤੋਂ ਖੁਸ਼ੀ ਡੁੱਲ੍ਹ-ਡੁੱਲ੍ਹ ਪੈਂਦੀ ਸੀ। ਚਾਅ ਨਹੀਂ ਸੀ ਚੁੱਕਿਆ ਜਾ ਰਿਹਾ।

ਪਰਮਾਰਥਕ ਵਿਚਾਰ ਆਰੰਭ ਹੋਈ। ਮਹੰਤ ਜੀ ਨੇ ਬਾਬਾ ਜੀ ਨੂੰ ਜੀਵਨ ਮੋਖ ਦੀ ਅਵਸਥਾ ਦੇ ਲੱਛਣ ਪੁੱਛੇ।

ਬਾਬਾ ਜੀ ਨੇ ਬੜੇ ਪਿਆਰ ਨਾਲ ਬਚਨ ਆਰੰਭ ਕੀਤੇ, "ਪੰਚਮ ਪਾਤਸ਼ਾਹ ਜੀ ਬਾਣੀ ਵਿੱਚ ਇਉਂ ਸੁਮੱਤ ਦਿੰਦੇ ਹਨ :

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*

*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥*
*(ਅੰਗ ੨੭੫)*

ਜਿੰਨ੍ਹਾਂ ਨੇ ਹੁਕਮ ਨੂੰ ਬੁਝ ਲਿਆ ਹੈ, ਜੋ ਹੁਕਮ ਵਿੱਚ ਰਹਿੰਦੇ ਹਨ, ਉਹ ਪੁਰਖ ਜੀਵਨ ਮੁਕਤ ਹਨ। ਉਨ੍ਹਾਂ ਵਾਸਤੇ ਹਰਖ ਭਾਵ ਖੁਸ਼ੀ ਅਤੇ ਸੋਗ ਭਾਵ ਦੁੱਖ ਇੱਕ ਸਮਾਨ ਹਨ। ਉਹ ਸੱਤ ਚਿੱਤ ਆਦਿ ਵਿੱਚ ਲੀਨ ਹੋਣ ਕਰਕੇ ਸਦਾ ਹੀ ਅਨੰਦ ਵਿੱਚ ਹਨ। ਇੱਕ ਨਿਮਖ ਮਾਤਰ ਵੀ ਉਨ੍ਹਾਂ ਨੂੰ ਵਿਜੋਗ ਦਾ ਦੁੱਖ ਨਹੀਂ ਹੈ। ਉਸ ਵਾਸਤੇ ਸੋਨਾ ਅਤੇ ਮਿੱਟੀ ਇੱਕ ਸਮਾਨ ਹਨ। ਉਸਨੂੰ ਕੋਈ ਮਾਣ ਸਤਿਕਾਰ ਦੇਵੇ ਜਾਂ ਅਭਿਮਾਨ (ਹੰਕਾਰ) ਵਿੱਚ ਨਿਰਾਦਰ ਦਾ (ਯਤਨ) ਕਰੇ, ਉਸ ਵਾਸਤੇ ਦੋਨੋਂ ਇਕ ਸਮਾਨ ਹੁੰਦੇ ਹਨ। ਰਾਜਾ ਅਤੇ ਕੰਗਾਲ ਦੋਨੋਂ ਉਸ ਵਾਸਤੇ ਇਕ ਬਰਾਬਰ ਹਨ। ਪਰਮੇਸ਼ਰ ਦਾ ਹੁਕਮ ਹੀ ਉਨ੍ਹਾਂ ਦੀ ਜੀਵਨ ਜੁਗਤ ਹੈ। ਗੁਰੂ ਸਾਹਿਬਾਨ ਜੀ ਫੁਰਮਾਨ ਕਰਦੇ ਹਨ ਕਿ ਐਸੇ ਪੁਰਖ ਨੂੰ ਜੀਵਨ ਮੁਕਤ ਆਖਦੇ ਹਨ।

ਮਹੰਤ ਜੀ ਬ੍ਰਹਮ ਗਿਆਨੀਆਂ ਦੀ ਅਵਸਥਾ ਬਾਰੇ ਪੁੱਛ ਰਹੇ ਸਨ ਅਤੇ ਬਾਬਾ ਜੀ ਗੁਰਬਾਣੀ 'ਚੋਂ ਪ੍ਰਮਾਣ ਦੇ ਕੇ ਸਮਝਾ ਰਹੇ ਸਨ। ਜਿੰਨ੍ਹਾਂ ਦੀ ਹੰਗਤਾ ਮੁੱਕ ਚੁੱਕੀ ਹੋਵੇ, ਜੋ ਪਰਮੇਸ਼ਰ ਵਿੱਚ ਲੀਨ ਹੋ ਗਏ ਹੋਣ, ਉਨ੍ਹਾਂ ਵਿੱਚ ਇਹ ਗੁਣ ਘੜਦੇ ਹਨ (ਭਾਵ ਪ੍ਰੈਕਟੀਕਲ ਰੂਪ ਵਿੱਚ ਵਰਤਦੇ ਹਨ) ਉਨ੍ਹਾਂ ਨੂੰ ਕਿਸੇ ਰਾਜੇ, ਧਨਾਢ ਤੋਂ ਕੋਈ ਗਰਜ ਨਹੀਂ, ਕਿਸੇ ਗਰੀਬ ਜਾਂ ਕੰਗਾਲ ਤੋਂ ਨਫਰਤ ਨਹੀਂ। ਉਨ੍ਹਾਂ ਵਾਸਤੇ ਇਹ ਦੋਵੇਂ ਪਰਮੇਸ਼ਰ ਦੇ ਜੀਅ ਹਨ। ਦੁੱਖ-ਸੁੱਖ, ਹਾਨੀ-ਲਾਭ, ਲੋਭ-ਲਾਲਚ, ਮਾਨ-ਅਪਮਾਨ ਆਦਿ ਦੇ ਰੋਗ ਜਿਸ ਹੰਗਤਾ (ਭਾਵ ਮੈਂ/ਮੇਰੀ) ਵਿੱਚ ਹੁੰਦੇ ਹਨ, ਉਹ ਤਾਂ ਪਹਿਲਾਂ ਹੀ ਮੁੱਕ ਚੁੱਕੀ ਹੁੰਦੀ ਹੈ। ਮੈਂ ਮੁੱਕਿਆਂ ਹੀ ਇਹ ਅਵਸਥਾ ਪ੍ਰਾਪਤ ਹੁੰਦੀ ਹੈ।

*ਜਬ ਹਮ ਹੋਤੇ ਤਬ ਤੁਮ ਨਾਹੀ*
*ਅਬ ਤੁਮ ਹਹੁ ਹਮ ਨਾਹੀ ॥*
*ਅਬ ਹਮ ਤੁਮ ਏਕ ਭਏ ਹਹਿ*
*ਏਕੈ ਦੇਖਤ ਮਨੁ ਪਤੀਆਹੀ ॥*
*(ਅੰਗ ੩੩੯)*

*ਜਬ ਹਮ ਹੋਤੇ ਤਬ ਤੂ ਨਾਹੀ*
*ਅਬ ਤੂਹੀ ਮੈ ਨਾਹੀ ॥*
*ਅਨਲ ਅਗਮ ਜੈਸੇ ਲਹਰਿ ਮਇ*
*ਓਦਧਿ ਜਲ ਕੇਵਲ ਜਲ ਮਾਂਹੀ ॥*
*(ਅੰਗ ੬੫੭)*

ਜਦ ਇਨ੍ਹਾਂ ਰੋਗਾਂ ਦੇ ਟਿਕਣ ਦਾ ਟਿਕਾਣਾ ਹੀ ਨਹੀਂ ਰਿਹਾ, ਇਹ ਰੋਗ ਵੀ ਖਤਮ ਹੋ ਗਏ। ਐਸੇ ਪੁਰਖ ਬ੍ਰਹਮ ਗਿਆਨੀ ਅਤੇ ਜੀਵਨ ਮੁਕਤ ਹੁੰਦੇ ਹਨ, ਪਰ ਹੁੰਦੇ ਵਿਰਲੇ ਹਨ। ਗੁਰੂ-ਘਰ ਵਿੱਚ ਐਸੇ ਗੁਰਮੁਖ ਹੁੰਦੇ ਆਏ ਹਨ ਅਤੇ ਹੁੰਦੇ ਰਹਿਣਗੇ। ਬਾਬਾ ਜੀ ਗੁਰਬਾਣੀ ਵਿੱਚੋਂ ਪ੍ਰਮਾਣ ਦੇ ਕੇ ਇਸ ਅਵਸਥਾ ਦੇ ਲੱਖਣ ਦੱਸ ਰਹੇ ਹਨ। ਮਹੰਤ ਜੀ, ਸਾਰੇ ਸਾਧੂ ਅਤੇ ਸੰਗਤ ਸਰਵਣ ਕਰ ਰਹੀ ਸੀਂ। ਬਾਬਾ ਜੀ ਦੇ ਬਚਨ ਸੁਣ ਕੇ ਮਹੰਤ ਜੀ ਬਹੁਤ ਪ੍ਰਸੰਨ ਹੋਏ।

ਹੁਣ ਸਾਧੂਆਂ ਨੇ ਬੇਨਤੀ ਕੀਤੀ, "ਮਹਾਰਾਜ ਸਾਡੇ ਤੇ ਵੀ ਕਿਰਪਾ ਕਰੋ, ਸੁਮੱਤ ਬਖਸ਼ਿਸ਼ ਕਰੋ।" ਬਾਬਾ ਜੀ ਨੇ ਬਚਨ ਕੀਤਾ, "ਸਾਰੇ ਗ੍ਰੰਥਾਂ ਤੇ ਸਤਿਪੁਰਖਾਂ ਦਾ ਇਹੋ ਸਿਧਾਂਤ ਹੈ ਕਿ ਸਾਧੂ ਕਦੇ ਮਨ ਦਾ ਵਿਸਾਹ ਨਾ ਕਰੇ। ਸਭ ਤੋਂ ਔਖਾ ਮਨ ਨੂੰ ਵਸ ਕਰਨਾ ਹੀ ਹੈ। ਗੁਰ-ਸ਼ਬਦ ਨਾਲ ਇਸਨੂੰ ਜੋੜਨਾ ਹੈ। ਅਰਦਾਸ ਕਰਨੀ ਹੈ। ਇਸ ਤੇ ਸਦਾ ਪਹਿਰਾ ਰੱਖਣਾ ਹੈ। ਇਹ ਤਾਂ ਥੋੜ੍ਹੀ ਜਿਹੀ ਥਾਂ ਭਾਲਦਾ ਹੈ। ਇਸ ਰਸਤੇ ਤੇ ਪਿਆਂ ਦਾ ਲਾਭ ਤਾਂ ਹੀ ਹੈ ਜੇ ਨਿਭ ਜਾਵੇ। ਇਸ ਲਈ ਮਨ ਦਾ ਰਾਈ ਜਿੰਨਾ ਵੀ ਵਿਸਾਹ ਨਹੀਂ ਕਰਨਾ।"

ਰਾਜਾ ਭਰਥਰੀ ਰਾਜ ਛੱਡ ਕੇ ਜੋਗੀ ਹੋ ਗਿਆ। ਕੁਝ ਸਮਾਂ ਲੰਘਿਆ, ਇੱਕ ਪੂਰਨਮਾਸ਼ੀ ਦੀ ਰਾਤ ਧਰਤੀ ਤੇ ਪਿਆ ਲਾਲ ਚਮਕਦਾ ਡਿੱਠਾ। ਜਾ ਕੇ ਚੁੱਕਣ ਲਈ ਹੱਥ ਪਾਇਆ ਤਾਂ ਹੱਥ ਲਿਬੜ ਗਿਆ। ਕਿਸੇ ਨੇ

ਪਾਨ ਖਾ ਕੇ ਪੀਕ ਥੁੱਕੀ ਸੀ। ਭਰਥਰੀ ਪਛਤਾਇਆ, "ਉਹੋ! ਇਹ ਮਨ ਇੰਨਾ ਧੋਖੇਬਾਜ਼। ਰਾਜ-ਪਾਟ ਛੱਡ ਦਿੱਤਾ, ਤੇ ਇੱਕ ਲਾਲ ਤੇ ਲਿਭਾਇਮਾਨ ਹੋ ਗਿਆ।"

ਉਸ ਵੇਲੇ ਉਸਨੇ ਕਿਹਾ-

*ਮਨ ਰਿਧ ਜੀਤੇ ਸਭ ਰਿਧ ਜੀਤੇ।*
*ਮਨ ਰਿਧ ਜੀਤੇ ਸਭ ਰਿਧ ਜੀਤੇ।*

ਭਾਵ ਮਨ ਰੂਪੀ ਦੁਸ਼ਮਣ ਜਿਉਂਦਾ ਹੈ ਤਾਂ ਸਾਰੇ ਦੁਸ਼ਮਣ ਜਿਉਂਦੇ ਹਨ। ਮਨ ਰੂਪੀ ਦੁਸ਼ਮਣ ਜਿੱਤ ਲਿਆ ਤਾਂ ਜਾਣੋ ਸਾਰੇ ਦੁਸ਼ਮਣ ਜਿੱਤ ਲਏ।

ਦਸਮ ਪਾਤਸ਼ਾਹ ਜੀ ਨੇ ਆਪਣੀ ਬਾਣੀ ਵਿੱਚ ਇੱਕ ਅਜਿਹੇ ਰਾਜੇ ਦਾ ਜ਼ਿਕਰ ਕੀਤਾ ਹੈ, ਜੋ ਦੁਨੀਆਂ ਭਰ ਦੇ ਰਾਜਿਆਂ ਨੂੰ ਜਿੱਤਣਾ ਚਾਹੁੰਦਾ ਸੀ। ਬਹੁਤ ਸਾਰੇ ਰਾਜੇ ਜਿੱਤ ਵੀ ਲਏ। ਇੱਕ ਦਿਨ ਆਪਣੇ ਵਜ਼ੀਰ ਨੂੰ ਪੁੱਛਣ ਲੱਗਾ ਕਿ ਹੈ ਕੋਈ ਐਸਾ ਸ਼ਕਤੀਸ਼ਾਲੀ ਰਾਜਾ ਜਿਸ ਨੂੰ ਮੈਂ ਨਾ ਜਿੱਤਿਆ ਹੋਵੇ। ਵਜ਼ੀਰ ਨੇ ਜਾਨ ਦੀ ਸਲਾਮਤੀ ਮੰਗਦੇ ਹੋਏ ਉੱਤਰ ਦਿੱਤਾ, ਰਾਜਨ ਅਜੇ ਤੁਹਾਡੇ ਕੋਲ ਮਨ ਰੂਪੀ ਮਵਾਸੀ ਰਾਜਾ ਜਿੱਤਣ ਵਾਲਾ ਹੈ ਜਿਸ ਕੋਲ ਬੇਅੰਤ ਕਿਸਮ ਦੇ ਵਿਕਾਰਾਂ ਦੀ ਫੌਜ ਹੈ ਜਿਸ ਦੇ ਵਾਰ ਹੁੰਦਿਆਂ ਦਾ ਪਤਾ ਹੀ ਨਹੀਂ ਲੱਗਦਾ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਵੈਰ, ਈਰਖਾ, ਆਸਾ, ਤ੍ਰਿਸਨਾ, ਅੰਦੇਸਾ, ਆਲਸ, ਅਹਿਸਣਸ਼ੀਲਤਾ, ਕੂੜ, ਧ੍ਰੋਹ, ਲਬ, ਮੂੜ੍ਹਤਾ, ਦ੍ਵੈਤ ਆਦਿ ਅਨੇਕ ਸੂਰਮੇ ਉਸ ਦੀ ਫੌਜ ਵਿੱਚ ਹਨ ਜਿੰਨ੍ਹਾਂ ਤੇ ਕਾਬੂ ਪਾਉਣਾ ਆਸਾਨ ਨਹੀਂ।

ਰਾਜਾ ਪ੍ਰਣ ਕਰ ਬੈਠਾ ਕਿ ਇੱਕ ਸਾਲ ਦੇ ਅੰਦਰ ਜੇ ਮਨ ਨੂੰ ਨਾ ਜਿੱਤ ਪਾਇਆ ਤਾਂ ਚਿਖਾ ਚਿਣ ਕੇ ਜਿਉਂਦਾ ਹੀ ਸੜ ਮਰਾਂਗਾ। ਉਸਨੇ ਬਹੁਤ ਯਤਨ ਕੀਤੇ ਪਰ ਅਖੀਰ ਮਨ ਤੋਂ ਹਾਰ ਕੇ ਕੀਤੇ ਪ੍ਰਣ ਅਨੁਸਾਰ ਸਰੀਰ ਨੂੰ ਦਾਹ ਕੇ ਖਤਮ ਕਰ ਲਿਆ।

ਮਨ ਨੇ ਵੱਡੇ-ਵੱਡੇ ਸੁੱਟ ਲਏ। ਜਗਿਆਸੂ ਨੂੰ ਮਨ ਦਾ ਕਦੇ ਵੀ ਵਿਸਾਹ ਨਹੀਂ ਕਰਨਾ ਚਾਹੀਦਾ। ਲਗਨ ਵਾਲੇ ਜਗਿਆਸੂਆਂ ਨੂੰ ਨੇੜਿਓ ਦੇਖੀਏ ਤਾਂ ਇਸ ਪੱਖ ਦੀ ਪ੍ਰੇਰਨਾ ਮਿਲਦੀ ਹੈ।

ਚੰਡੀਗੜ੍ਹ ਵਿੱਚ ਇੱਕ ਸਾਧੂ ਆਪਣੇ ਕਿਸੇ ਪ੍ਰੇਮੀ ਘਰ ਆਏ ਹੋਏ ਸੀ। ਸਿਆਲ ਦੀ ਰੁੱਤ ਸੀ, ਪਰ ਉਸ ਸਾਧੂ ਨੇ ਰਾਤ ਨੂੰ ਆਰਾਮ ਕਰਨ ਸਮੇਂ ਇੱਕ ਪਤਲਾ ਜਿਹਾ ਕੱਪੜਾ ਉੱਪਰ ਲੈਣਾ। ਘਰ ਵਾਲਿਆਂ ਨੇ ਜ਼ੋਰ ਪਾ ਕੇ ਬੇਨਤੀ ਕੀਤੀ ਕਿ ਰਜਾਈ ਲੈ ਕੇ ਆਰਾਮ ਕਰਨ। ਆਖੀਰ ਸਾਧੂ ਨੇ ਬੇਨਤੀ ਮੰਨ ਲਈ। ਰਾਤ ਨੂੰ ਸੌਣ ਸਮੇਂ ਰਜਾਈ ਲੈ ਲਈ। ਸਾਧੂ ਦਾ ਨੇਮ ਸੀ ਕਿ ਕੁਝ ਸਮਾਂ ਆਰਾਮ ਕਰਕੇ ਉੱਠਣਾ ਅਤੇ ਇਸ਼ਨਾਨ ਆਦਿ ਕਰਕੇ ਭਜਨ-ਬੰਦਗੀ ਵਿੱਚ ਲੀਨ ਹੋ ਜਾਣਾ। ਉਸ ਦਿਨ ਐਸੀ ਨੀਂਦ ਆਈ ਕਿ ਉੱਠਣ ਵਿੱਚ ਕੁਝ ਦੇਰੀ ਹੋ ਗਈ। ਸਮਾਂ ਦੇਖ ਕੇ ਮਨ ਨੂੰ ਬਹੁਤ ਲਾਹਨਤ ਪਾਈ ਅਤੇ ਇਸ਼ਨਾਨ ਕਰਨ ਸਮੇਂ ਉਸੇ ਰਜਾਈ ਨੂੰ ਗਿੱਲਾ ਕਰ ਲਿਆ। ਸਾਰਾ ਦਿਨ ਆਪਣੇ ਉੱਪਰ ਗਿੱਲੀ ਰਜਾਈ ਲਈ ਰੱਖੀ। ਮਨ ਨੂੰ ਆਖਣ ਤੈਨੂੰ ਇਸ ਆਲਸ ਦਾ ਮਜ਼ਾ ਚਖਾਉਣਾ ਹੈ।

ਮਨ ਤੇ ਪਹਿਰਾ ਦੇਣਾ ਬੜੀ ਔਖੀ ਗੱਲ ਹੈ ਪਰ ਪਰਮਾਰਥ ਦੇ ਰਸਤੇ ਤੇ ਚਲਣਾ ਹੈ ਤਾਂ ਇਹ ਬਹੁਤ ਜ਼ਰੂਰੀ ਹੈ। ਸੰਤ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲੇ ਬਚਨ ਕਰਿਆ ਕਰਦੇ ਸਨ ਕਿ ਮਨ ਦੀ ਪੱਤਰੀ ਸਦਾ ਵਾਚਦੇ ਰਹੋ।

ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਵਿਸਥਾਰ ਨਾਲ ਮਨ ਦੀਆਂ ਬਿਰਤੀਆਂ ਅਤੇ ਮਨ ਤੇ ਸਦਾ ਹੀ ਪਹਿਰਾ ਦੇਣ ਪ੍ਰਥਾਏ ਬਚਨ ਕੀਤੇ। ਸਾਧੂ ਜਨ ਅਤੇ ਸੰਗਤ ਬਚਨ ਸੁਣ ਕੇ ਬਹੁਤ ਪ੍ਰਸੰਨ ਹੋਈ। ਮਹੰਤ ਬਾਬਾ ਹਰਨਾਮ ਦਾਸ ਜੀ ਨੇ ਸਿਰੋਪਾਓ ਨਾਲ ਪ੍ਰਸ਼ਾਦ ਅਤੇ ਮਾਇਆ ਭੇਂਟ ਕਰਨੀ ਚਾਹੀ। ਬਾਬਾ ਜੀ ਨੇ ਸਿਰੋਪਾਓ ਅੰਗੀਕਾਰ ਕਰ ਲਿਆ ਪਰ ਮਾਇਆ ਅਤੇ ਪ੍ਰਸ਼ਾਦ ਕੁਝ ਹੋਰ ਮਾਇਆ ਪਾ ਕੇ ਵਾਪਸ ਕਰ ਦਿੱਤੇ। ਉਪਰੰਤ ਉੱਥੋਂ ਚਾਲੇ ਪਾ ਕੇ ਆਪਣੇ ਆਸਣ ਤੇ ਵਾਪਸ ਆ ਗਏ।

*—ਚਲਦਾ*

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ, ਵੀ.ਸੀ.ਡੀ. 213

# ਬਾਬਾ ਬਿਧੀ ਚੰਦ ਜੀ ਨੇ ਕਿਹੜੀਆਂ ਚਾਰ ਦਾਤਾਂ ਛੇਵੇਂ ਪਾਤਸ਼ਾਹ ਜੀ ਤੋਂ ਮੰਗੀਆਂ

*—ਜਸਵਿੰਦਰ ਸਿੰਘ ਪਟਿਆਲਾ*

ਸਾਰੀ ਸੰਗਤ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿਆਰ ਵਿੱਚ ਗਜ ਕੇ ਆਖੋ ਸਤਿਨਾਮ ਸ੍ਰੀ ਵਾਹਿਗੁਰੂ ਜੀ।

ਕਿਤੇ ਨਿੱਕੇ ਜਿਹੇ ਇਲਾਕੇ ਦਾ ਕੌਂਸਲਰ ਮਿੱਤਰ ਬਣ ਜਾਵੇ ਤੇ ਬੰਦਾ ਦਸ ਬੰਦਿਆਂ ਵਿੱਚ ਮਾਣ ਨਾਲ ਕਹਿੰਦਾ ਹੈ ਕਿ ਫਲਾਣਾ ਕੌਂਸਲਰ ਆਪਣਾ ਮਿੱਤਰ ਹੈ, ਕੋਈ ਕੰਮ ਹੋਵੇ, ਦੱਸਿਓ। ਕੋਈ ਥਾਣੇਦਾਰ, ਐਸ.ਐਸ.ਪੀ. ਪੁਲਿਸ ਦੇ ਵੱਡੇ ਅਹੁਦੇ ਤੇ ਲੱਗਾ ਹੋਵੇ, ਸਾਡਾ ਵਾਕਫ ਹੋਵੇ, ਆਮ ਆਪਾਂ ਕਹਿੰਦੇ ਹਾਂ ਕਿ ਫਲਾਣਾ ਵੱਡੇ ਅਹੁਦੇ ਤੇ ਹੈ, ਆਪਣਾ ਮਿੱਤਰ ਏ। ਕੋਈ ਮੰਤਰੀ, ਲੀਡਰ, ਮੁੱਖ ਮੰਤਰੀ, ਅਗਰ ਇਹ ਸਾਡਾ ਕੋਈ ਮਿੱਤਰ ਹੋਵੇ ਤੇ ਫਿਰ ਕਹਿੰਦੇ ਹਾਂ, ਫਲਾਣਾ ਮੁੱਖ ਮੰਤਰੀ, ਆਪਣਾ ਯਾਰ ਹੈ। ਧੰਨ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ, ਜਿਸਨੇ ਕੌਂਸਲਰ, ਪ੍ਰਧਾਨ, ਮੰਤਰੀ ਬਣਾਏ ਹਨ, ਜਿਸ ਦੀ ਬਖਸ਼ਿਸ਼ ਵਿੱਚ ਨੇ, ਜਿਸ ਦੇ ਹੁਕਮ ਵਿੱਚ ਨੇ, ਜਿਹੜੇ ਪ੍ਰਮੇਸ਼ਰ ਦੀ ਕਿਰਪਾ ਨਾਲ ਇਹ ਬਣੇ ਹਨ, ਕਿੰਨਾ ਵੱਡਾ ਮਾਣ ਹੋਵੇ ਕਿ ਉਹ ਪਰਮੇਸ਼ਰ ਹੀ ਤੇਰਾ ਮਿੱਤਰ ਬਣ ਜਾਵੇ। ਉਹ ਰੱਬ ਹੀ ਤੇਰਾ ਮਿੱਤਰ ਬਣ ਜਾਵੇ। ਇਨ੍ਹਾਂ ਦੋ ਪੰਕਤੀਆਂ ਵਿੱਚ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ, ਉਹ ਪਾਰਬ੍ਰਹਮ ਪਰਮੇਸ਼ਰ ਤੇਰਾ ਮਿੱਤਰ, ਤੇਰਾ ਸਾਥੀ ਬਣ ਸਕਦਾ ਹੈ, ਕਿਤੇ ਜੀਵਨ ਦੇ ਵਿੱਚ ਤੇਰੇ ਮਨ ਦੀ ਮੈਲ ਉਤਰ ਜਾਵੇ। ਮਨ ਸਾਫ ਹੋ ਜਾਵੇ, ਇਸ ਦੀ ਮੈਲ ਉਤਰ ਜਾਵੇ, ਇਸ ਦਾ ਮੋਹ ਉਤਰ ਜਾਵੇ, ਇਸ ਦੀ ਪਕੜ ਨਿਕਲ ਜਾਵੇ ਤੇ ਉਹ ਪਾਰਬ੍ਰਹਮ ਪਰਮੇਸ਼ਰ ਤੇਰਾ ਸਾਥੀ ਬਣ ਜਾਵੇਗਾ, ਮਿੱਤਰ ਬਣ ਜਾਵੇਗਾ, ਉਹ ਤੇਰਾ ਯਾਰ ਬਣ ਜਾਵੇਗਾ :

*ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ ॥*

*(ਅੰਗ ੭੦੩)*

*ਸਤਿਗੁਰੁ ਮਿਤ੍ਰੁ ਮੇਰਾ ਬਾਲ ਸਖਾਈ ॥*

*(ਅੰਗ ੯੪)*

ਇਸ ਸੁਆਦ ਨੂੰ ਕੋਈ ਵੀ ਸਟੇਜ ਤੋਂ ਦੱਸ ਨਹੀਂ ਸਕਦਾ। ਜਿਨ੍ਹਾਂ ਦਾ ਉਹ ਮਿੱਤਰ ਬਣ ਜਾਵੇ :

*ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥*

*(ਅੰਗ ੧੩੭੦)*

ਜਿਸ ਦਾ ਉਹ ਕਰਤਾ ਮਿੱਤਰ ਬਣ ਜਾਵੇ, ਉਸ ਦੀ ਬਾਤ ਫਿਰ ਖਾਲੀ ਕਿਰਿਆ ਨਹੀਂ ਰਹਿ ਜਾਂਦੀ। ਜਿਸ ਦਾ ਉਹ ਮਿੱਤਰ ਬਣ ਜਾਵੇ, ਉਸ ਦੀ ਬਾਤ ਵਿੱਚ ਕੇਵਲ ਸਰੀਰਿਕ ਮਰਿਆਦਾ ਨਹੀਂ ਰਹਿ ਜਾਂਦੀ। ਇਹ ਤੁਹਾਡੇ ਵਿੱਚੋਂ ਜਿਸ ਤੇ ਇਹ ਕਿਰਪਾ ਹੋਈ ਹੋਵੇ, ਇਹ ਬਖਸ਼ਿਸ਼ ਹੋਈ ਹੋਵੇ, ਇਸ਼ਾਰਾ ਮਾਤਰ ਹੀ ਕੋਈ ਕੀਰਤਨੀਆਂ, ਗੁਰਮੁਖ ਪਿਆਰਾ ਰਾਗੀ ਸਟੇਜ ਤੋਂ ਦੇ ਸਕਦਾ ਹੈ, ਸਵਾਦ ਨਹੀਂ ਦੱਸਿਆ ਜਾ ਸਕਦਾ। ਅਗਰ ਉਹ ਪਾਰਬ੍ਰਹਮ ਸਾਥੀ ਬਣਿਆ ਹੋਇਆ ਹੈ, ਮਨ ਦੀ ਮੈਲ ਉਤਰੀ ਹੋਈ ਹੈ ਤੇ ਜੇ ਕਿਤੇ ਦਿੱਲੀ ਗਏ ਹੋ, ਮਾਤਾ ਸੁੰਦਰੀ ਜੀ ਦੇ ਗੁਰਦੁਆਰਾ ਸਾਹਿਬ ਮੱਥਾ ਟੇਕਣ, ਆਮ ਬੰਦੇ ਦਾ ਤੇ ਫਿਰ ਉਸ ਗੁਰਮੁਖ ਰੂਹ ਦੇ ਦਰਸ਼ਨ ਕਰਨ ਦਾ ਜ਼ਮੀਨ ਅਸਮਾਨ ਦਾ ਅੰਤਰ ਹੋਵੇਗਾ। ਤੁਸੀਂ ਮਾਤਾ ਸੁੰਦਰੀ ਜੀ ਦੇ ਗੁਰਦੁਆਰਾ ਸਾਹਿਬ ਜਾਓਗੇ, ਪੰਜ ਮਿੰਟ

ਬੈਠੋਗੇ, ਜੇਕਰ ਪਾਰਬ੍ਰਹਮ ਸਾਥੀ ਬਣਿਆ ਹੈ, ਤੁਹਾਨੂੰ ਪ੍ਰਤੱਖ ਇੰਝ ਜਾਪੇਗਾ, ਜਿਵੇਂ ਮਾਤਾ ਸੁੰਦਰੀ ਜੀ ਮੈਨੂੰ ਗੋਦ ਵਿੱਚ ਲੈ ਕੇ ਅਸੀਸ ਦੇ ਰਹੇ ਹਨ। ਜੇ ਉਹ ਸਾਥੀ ਬਣ ਜਾਵੇ, ਕਿਤੇ ਤੁਸੀਂ ਬੀਬੀ ਕੌਲਾਂ ਜੀ ਦੇ ਗੁਰਦੁਆਰਾ ਸਾਹਿਬ ਗਏ ਹੋ ਦਰਸ਼ਨ ਕਰਨ, ਫਿਰ ਤੁਹਾਨੂੰ ਉਸ ਗੋਦ ਦਾ ਅਨੰਦ ਪ੍ਰਾਪਤ ਹੋਵੇਗਾ। ਫਿਰ ਇੰਝ ਹੁੰਦਾ ਹੈ, ਜਿਵੇਂ ਸ਼ਕਤੀਆਂ ਉਡੀਕ ਰਹੀਆਂ ਨੇ। ਐਸੀਆਂ ਗੁਰਮੁਖ ਰੂਹਾਂ ਦੀ ਕਿਰਿਆ ਆਮ ਨਹੀਂ ਰਹਿੰਦੀ ਬਲਕਿ ਫਿਰ ਉਹ ਸਿੱਕ ਲੈ ਕੇ ਆਉਂਦੇ ਹਨ, ਪਿਆਰ ਦੀ। ਇਸ ਨੂੰ ਦੱਸਿਆ ਨਹੀਂ ਜਾ ਸਕਦਾ। ਪਰਮੇਸ਼ਰ ਸਾਥੀ ਬਣ ਗਿਆ ਹੈ। ਉਹ ਮਿੱਤਰ ਬਣ ਗਿਆ ਹੈ। ਉਸ ਦੇ ਜਾਣ ਦਾ ਰਸ ਹੀ ਹੋਰ ਹੈ, ਪ੍ਰੇਮ ਹੀ ਹੋਰ ਹੈ। ਕਿਤੇ ਸਤਿਗੁਰੂ ਜੀ ਕਿਰਪਾ ਕਰਨ, ਤੁਹਾਡੇ ਸਦਕੇ ਦਾਸ ਨੂੰ ਵੀ ਇਸ ਸੁਭਾਗੀ ਸੰਗਤ ਵਿੱਚੋਂ ਬੈਠੇ ਹੋਏ ਬਖਸ਼ਿਆਂ ਦੇ ਕਰਕੇ, ਸਾਰਿਆਂ ਨੂੰ ਇਸ ਗੋਦ ਦਾ ਨਿੱਘ ਪ੍ਰਾਪਤ ਹੋਵੇ। ਜਿਨ੍ਹਾਂ ਨੂੰ ਇਹ ਨਿੱਘ ਪ੍ਰਾਪਤ ਹੋਇਆ ਹੋਵੇ ਪਾਰਬ੍ਰਹਮ ਸਾਥੀ ਬਣ ਗਿਆ ਹੋਵੇ, ਫਿਰ ਉਸ ਅਵਸਥਾ ਨੂੰ ਬਾਬਾ ਨੰਦ ਸਿੰਘ ਜੀ ਜੈਸੇ ਮਹਾਂਪੁਰਖਾਂ ਨੇ ਆਖਿਆ ਹੈ, ਸੁਜਾਨ ਸਿਆਂ (ਸੰਤ ਸੁਜਾਨ ਸਿੰਘ ਜੀ ਦਿੱਲੀ ਵਾਲੇ), ਅੱਜ ਤੂੰ ਨਹੀਂ ਬੋਲ ਰਿਹਾ, "ਧੰਨ ਗੁਰੂ ਨਾਨਕ, ਤੂੰ ਹੀ ਨਿਰੰਕਾਰ" ਸਗੋਂ ਜਿੰਨੇ ਗੁਲਾਬ ਦੇ ਫੁੱਲ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਪਏ ਹਨ, ਉਹ ਸਾਰੇ ਹੀ ਉਸ ਪਿਆਰੇ ਗੁਰੂ ਨਾਨਕ ਮਹਾਰਾਜ ਦੀ ਸਿਫਤਿ ਸਲਾਹ ਗਾ ਰਹੇ ਹਨ। ਜਿਹੜੀ ਖੱਲ੍ਹ ਸ਼ੇਰ ਦੀ ਪਈ ਹੈ, ਉਹ ਵੀ ਗਾ ਰਹੀ ਹੈ। ਜਿਸ ਤੇ ਐਸੀ ਕਿਰਪਾ ਦਾ ਛਿੱਟਾ ਵਰਤਿਆ ਹੈ ਉਸ ਨੂੰ ਫਿਰ ਕਿਸੇ ਲਫਜ਼ਾਂ ਨਾਲ ਦੱਸਿਆ ਨਹੀਂ ਜਾ ਸਕਦਾ। ਜੇ ਤੁਸੀਂ ਸ੍ਰੀ ਅਨੰਦਪੁਰ ਸਾਹਿਬ ਯਾਤਰਾ ਗਏ ਹੋ ਤੇ ਜੇ ਪਾਰਬ੍ਰਹਮ ਸਾਥੀ ਬਣਿਆ ਹੈ ਉਸ ਗੋਦ ਦਾ ਨਿੱਘ ਲੈ ਕੇ ਆਓਗੇ। ਕੋਈ ਗੁਰਦੁਆਰਾ ਸਾਹਿਬ ਹਾਜ਼ਰੀ ਭਰਨ ਜਾ ਰਿਹਾ ਹੈ ਤੇ ਉਸ ਦੀ ਕੇਵਲ ਸਰੀਰਿਕ ਪ੍ਰਕਿਰਿਆ ਨਹੀਂ ਰਹੇਗੀ ਬਲਕਿ ਅੰਦਰ ਦਾ ਰਸ, ਅੰਦਰ ਦਾ ਸੁਆਦ ਬਣਿਆ ਰਹੇਗਾ। ਉਹ ਪਾਰਬ੍ਰਹਮ ਪਰਮੇਸ਼ਰ ਤੇਰਾ ਸਾਥੀ ਬਣ ਜਾਵੇ, ਮਨ ਦੀ ਮੈਲ ਉਤਰ ਜਾਵੇ ਇਸ ਲਈ ਆਪਣੇ ਆਪ ਨੂੰ ਇੱਕ ਪਿਆਰ ਦੇ ਬੰਧਨ ਵਿੱਚ ਬੰਨ ਲੈ, ਉਹ ਕੀ? ਜਿੰਨੇ ਵੀ ਸਤਿਸੰਗ ਵਿੱਚ ਆਉਂਦੇ ਹੋ, ਕਿੰਨੇ ਕੰਮ ਜ਼ਰੂਰੀ ਪੈ ਜਾਣ, ਨਾਗਾ ਨਾ ਪਵੇ। ਮਨ ਦੀ ਮੈਲ ਕਿਵੇਂ ਉਤਰੇਗੀ? ਮੈਲ ਉਤਰੇਗੀ, ਸੰਗਤ ਕਰਨ ਦੇ ਨਾਲ। ਪਾਰਬ੍ਰਹਮ ਸਾਥੀ ਦਾ ਨਿਚੋੜ ਕਿੱਥੇ ਆਇਆ? ਸੰਗਤ ਨਾ ਛੱਡੀਂ। ਸੰਗਤ ਕਰਦਿਆਂ-ਕਰਦਿਆਂ ਤੇਰੀ ਮੈਲ ਉਤਰ ਜਾਏਗੀ ਤੇ ਫਿਰ ਆਹ ਕੌਂਸਲਰ, ਮੰਤਰੀ ਕੀ, ਪਾਰਬ੍ਰਹਮ ਪਰਮੇਸ਼ਰ ਤੇਰਾ ਸਾਥੀ ਬਣ ਜਾਏਗਾ, ਉਹ ਤੇਰਾ ਮਿੱਤਰ ਬਣ ਜਾਏਗਾ ਜਿਸ ਦੇ ਹੱਥ ਸਾਰੀਆਂ ਹੀ ਸ਼ਕਤੀਆਂ ਹਨ। ਮੇਰੇ ਗਰੀਬ ਨਿਵਾਜ ਕਹਿ ਰਹੇ ਹਨ :

*ਸਾਧਸੰਗਿ ਮਲੁ ਲਾਥੀ ॥ ਪਾਰਬ੍ਰਹਮੁ ਭਇਓ ਸਾਥੀ ॥*
*(ਅੰਗ ੬੨੫)*

ਬਾਣੀ ਨੇ ਮੰਨਿਆ ਹੈ। ਇਹ ਤੁਸੀਂ ਜ਼ਰੂਰ ਪੱਕੀ ਤਰ੍ਹਾਂ ਧਿਆਨ ਵਿੱਚ ਰੱਖਿਓ। ਬਾਣੀ ਨੇ ਮੰਨਿਆ ਹੈ ਕਿ ਸਾਡਾ ਮਨ, ਸਾਡਾ ਸਰੀਰ, ਜਿਹੋ ਜਿਹੀ ਸੰਗਤ ਕਰੇਗਾ, ਉਸ ਨੂੰ ਉਹੋ ਜਿਹਾ ਰੰਗ ਚੜ੍ਹੇਗਾ। ਬਾਣੀ ਦੀਆਂ ਪੰਕਤੀਆਂ ਹਨ :

*ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ ॥*
*ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥*
*(ਅੰਗ ੧੩੬੯)*

ਇਹ ਮਨ ਇੱਕ ਪੰਛੀ ਦੀ ਤਰ੍ਹਾਂ ਹੈ। ਇਸ ਨੂੰ ਅਗਾਂਹ ਤੁਸੀਂ ਧਿਆਨ ਵਿੱਚ ਰੱਖਣਾ ਹੈ। ਤੁਸੀਂ ਦੇਖੋ ਜਿਸ ਦਾ ਮੈਨੂੰ ਸੰਗ ਹੋ ਰਿਹਾ ਹੈ, ਉਹ ਕਿਹੋ ਜਿਹਾ ਹੈ। ਬਾਬਾ ਜੀ ਕਹਿੰਦੇ, ਜੇ ਸੰਗ ਗਲਤ ਹੋ ਗਿਆ ਤੇ ਤੇਰੀ ਜ਼ਿੰਦਗੀ ਗਲਤ ਪਾਸੇ ਜਾ ਸਕਦੀ ਹੈ। ਜੇ ਸੰਗ ਚੰਗਾ ਹੋ ਗਿਆ, ਸਤਿਸੰਗਤ ਹੋ ਗਈ, ਫਿਰ ਤੇਰੀ ਜ਼ਿੰਦਗੀ ਚੰਗੇ ਪਾਸੇ ਵੱਲ ਜਾਵੇਗੀ। ਇਹ ਸੰਗ ਤੇ ਨਿਰਭਰ ਹੈ। ਜੇ ਘਰ ਟੀ.ਵੀ. ਲਗਾਉਂਦੇ ਹੋ ਤੇ ਸੋਚ ਕੇ ਲਗਾਓ, ਉਸ ਵਿੱਚੋਂ ਚੰਗਾ ਸੰਗ ਲੱਭੇ। ਜੇ ਦਿਹਾੜੀ ਕਿਸੇ ਨਾਲ ਘੰਟਾ-ਦੋ ਘੰਟਾ ਬੈਠਦੇ ਹੋ, ਤੇ ਸੋਚ ਕੇ ਬੈਠੋ, ਉਸ ਸਤਿਸੰਗੀ ਨਾਲ ਬੈਠਾਂ ਜਿਸ ਕੋਲੋਂ ਚੰਗੇ ਸੰਗ ਦੀ ਖੁਸ਼ਬੂ ਆਵੇ। ਹਰ ਕਦਮ, ਹਰ ਪੁਆਇੰਟ ਤੇ ਧਿਆਨ ਰੱਖਣਾ ਹੈ। ਮਹਾਂਪੁਰਸ਼ ਵੇਲ ਦੀ ਮਿਸਾਲ ਦਿੰਦੇ ਸੀ। ਤੁਹਾਡੇ

ਘਰਾਂ ਵਿੱਚ ਹੋਵੇ, ਵੇਲ ਲੱਗੀ। ਦਰੱਖਤ ਇੰਨੀ ਤੇਜ਼ੀ ਨਾਲ ਵੱਡਾ ਨਹੀਂ ਹੁੰਦਾ ਜਿੰਨੀ ਤੇਜ਼ੀ ਨਾਲ ਵੇਲ ਵੱਧਦੀ ਹੈ। ਤੁਹਾਡੇ ਕਿਸੇ ਦੇ ਘਰ ਵੇਲ ਲੱਗੀ ਹੋਈ ਹੋਵੇ ਤੇ ਤੁਸੀਂ ਧਾਗਾ ਬੰਨ ਕੇ ਦਰੱਖਤ ਦੇ ਨਾਲ ਅਟੈਚ ਕਰ ਦਿਓ, ਉਹ ਉੱਪਰ ਨੂੰ ਜਾਣੀ ਸ਼ੁਰੂ ਹੋ ਜਾਵੇਗੀ। ਹੋਰ ਅੱਗੇ ਕਰ ਦਿਓ, ਵੇਲ ਵੀ ਹੋਰ ਅੱਗੇ ਵਧੀ ਜਾਵੇਗੀ। ਇੱਕ ਦਿਨ ਆਉਂਦਾ ਹੈ, ਦਰੱਖਤ ਦੇ ਬਰਾਬਰ ਹੋ ਜਾਂਦੀ ਹੈ ਤੇ ਫਿਰ ਵੀ ਉੱਪਰ ਜਾਈ ਜਾਂਦੀ ਹੈ। ਉਹੋ ਵੇਲ ਤੁਹਾਡੇ ਘਰ ਲੱਗੀ ਹੋਵੇ ਤੇ ਉਸ ਨੂੰ ਤੁਸੀਂ ਉੱਪਰ ਨਾ ਕਰੋ ਤੇ ਹੇਠਾਂ ਕਰ ਦਿਓ, ਖੂਹ ਵਿੱਚ ਸੁੱਟ ਦਿਓ, ਘਰ ਵਿੱਚ ਖੂਹ ਹੋਵੇ, ਉਧਰ ਮੁੱਖ ਕਰ ਦਿਓ, ਉਹ ਥੱਲੇ ਨੂੰ ਜਾਈ ਜਾਵੇਗੀ। ਜਿੰਨਾ ਨੀਵਾਂ ਖੂਹ ਹੈ, ਉਧਰ ਨੂੰ ਵਧੀ ਜਾਵੇਗੀ। ਜੇ ਕੋਈ ਖੂਹ ਨਾ ਹੋਵੇ, ਦਰਖੱਤ ਨਾ ਹੋਵੇ, ਮੈਦਾਨੀ ਇਲਾਕਾ ਹੈ, ਵੇਲ ਨੂੰ ਮੈਦਾਨੀ ਇਲਾਕੇ ਵਿੱਚ ਕਰ ਦਿਓ ਤੇ ਉਹ ਉਲਝ ਕੇ ਰਹਿ ਜਾਵੇਗੀ, ਉਲਝੀ ਜਾਵੇਗੀ ਆਪਸ ਵਿੱਚ। ਨਾ ਉੱਤੇ ਜਾ ਰਹੀ ਹੈ, ਨਾ ਹੇਠਾਂ ਵੱਲ ਨੂੰ ਜਾ ਰਹੀ ਹੈ, ਉਲਝੀ ਜਾ ਰਹੀ ਹੈ। ਇਹ ਮਹਾਂਪੁਰਸ਼ ਦਲੀਲ ਦਿੰਦੇ ਸੀ, ਵੇਲ ਉਹੋ ਹੀ ਹੈ। ਜੇ ਸੰਗ ਦਰੱਖਤ ਦਾ ਹੋ ਗਿਆ ਤੇ ਉੱਤੇ ਜਾ ਰਹੀ ਹੈ, ਸੰਗ ਖੂਹ ਦਾ ਹੋ ਗਿਆ ਹੈ ਤੇ ਹੇਠਾਂ ਜਾ ਰਹੀ ਹੈ, ਸੰਗ ਮੈਦਾਨੀ ਇਲਾਕੇ ਦਾ ਹੋ ਗਿਆ ਤੇ ਉਲਝ ਰਹੀ ਹੈ। ਇਹ ਸਾਡੇ ਤੇ ਦਲੀਲ ਦਿੰਦੇ ਸੀ ਮਹਾਂਪੁਰਸ਼। ਕਹਿੰਦੇ, ਸਾਡਾ ਮਨ ਵੀ ਉਸ ਵੇਲ ਦੀ ਤਰ੍ਹਾਂ ਹੈ। ਜੇ ਸੰਗ ਚੰਗਾ ਹੋ ਗਿਆ ਤੇ ਦਰੱਖਤ ਵਾਂਗ ਉੱਪਰ ਨੂੰ ਵੀ ਜਾ ਸਕਦਾ ਹੈ, ਰੱਬ ਦੀ ਪ੍ਰਾਪਤੀ ਵੱਲ। ਜੇ ਗਲਤ ਸੰਗ ਹੋ ਗਿਆ ਤੇ ਖੂਹ ਵਾਂਗ ਥੱਲੇ ਨੂੰ ਵੀ ਡਿੱਗ ਸਕਦਾ ਹੈ। ਜੇ ਇਸ ਨੂੰ ਨਾ ਮਾੜਾ ਸੰਗ ਮਿਲਿਆ ਹੈ, ਨਾ ਚੰਗਾ ਸੰਗ ਮਿਲਿਆ ਹੈ, ਜ਼ਿੰਦਗੀ ਗ੍ਰਹਿਸਥੀ ਵਿੱਚ ਬੀਤੀ ਜਾ ਰਹੀ ਹੈ ਤੇ ਗ੍ਰਹਿਸਥੀ ਵਿੱਚ ਜ਼ਿੰਦਗੀ ਉਲਝ ਕੇ ਕੱਟੀ ਜਾਵੇਗੀ। ਸਾਡਾ ਵੀ ਤਿੰਨ ਤਰ੍ਹਾਂ ਦਾ ਸੰਗ ਹੈ। ਮਾੜਾ, ਚੰਗਾ ਤੇ ਮੈਦਾਨੀ। ਵੇਲ ਦੀ ਤਰ੍ਹਾਂ ਮਨ ਹੈ। ਸੰਗ ਦਰੱਖਤ ਦਾ ਹੋ ਗਿਆ ਹੈ, ਉੱਤੇ ਜਾ ਰਹੀ ਹੈ। ਸੰਗ ਖੂਹ ਦਾ ਹੋ ਗਿਆ ਹੈ, ਥੱਲੇ ਜਾ ਰਹੀ ਹੈ। ਸੰਗ ਮੈਦਾਨੀ ਇਲਾਕੇ ਦਾ ਹੋ ਗਿਆ ਹੈ ਤੇ ਉਲਝ ਰਹੀ ਹੈ। ਸਾਰੇ ਝਾਤੀ ਪਾਇਓ, ਕਿਧਰੇ ਸਾਨੂੰ ਇਹੋ ਜਿਹਾ ਸੰਗ ਤਾਂ ਨਹੀਂ ਹੋਇਆ ਕਿ ਜੀਵਨ ਥੱਲੇ ਨੂੰ ਜਾ ਰਿਹਾ ਹੈ। ਦਾਸ ਗੁਰੂ ਦੀ ਹਜ਼ੂਰੀ ਵਿੱਚ ਬੇਨਤੀ ਕਰਦਾ ਹੈ, ਮਕਾਨ ਬਣਾਉਣ ਵੇਲੇ ਕਾਫੀ ਟਾਈਮ ਲੱਗਦਾ ਹੈ। ਢਾਹੁਣ ਲੱਗਿਆਂ ਦੋ ਦਿਨ ਨਹੀਂ ਲੱਗਦੇ। ਸੱਚ ਹੈ। ਕਈ ਵਾਰ ਸੰਗਤ ਵਿੱਚ ਪਤਾ ਨਹੀਂ, 20-25 ਦੀਵਾਨ ਸੁਣ ਕੇ ਕਿਤੇ ਅੰਮ੍ਰਿਤ ਛਕ ਕੇ ਗਾਤਰਾ ਕ੍ਰਿਪਾਨ ਪਾਉਂਦੇ ਹੋ, ਕਿਤੇ ਕੇਸ ਕਾਲੇ ਨਾ ਕਰਨ ਦਾ ਜਾਂ ਕੋਈ ਹੋਰ ਪ੍ਰਣ ਕਰਦੇ ਹੋ ਤੇ ਕਈ ਵਾਰ ਦਸ ਮਿੰਟ ਕਿਤੇ ਵਿਆਹ ਵਿੱਚ ਕਿਸੇ ਦੀ ਗਲਤ ਸੰਗਤ ਹੋ ਜਾਵੇ ਤੇ ਸਾਧ ਸੰਗਤ ਜੀ, ਦਸ ਮਿੰਟ ਵਿੱਚ ਹੀ ਕਈਆਂ ਦੇ ਪਏ ਗਾਤਰੇ ਵੀ ਲੱਥ ਜਾਂਦੇ ਹਨ। ਅਰਦਾਸ ਕਰਿਆ ਕਰੋ, ਪਿਤਾ ਜੀ ਅੱਗੇ, ਗਰੀਬ ਨਿਵਾਜ ਕਿਰਪਾ ਕਰਨੀ।

*ਸੇਈ ਪਿਆਰੇ ਮੇਲ ਜਿਨਾਂ ਮਿਲਿਆ*
*ਤੇਰਾ ਨਾਮ ਚਿਤ ਆਵੇ ॥*

ਇਹ ਹਰ ਰੋਜ਼ ਅਰਦਾਸ ਵਿੱਚ ਅੰਦਰੋਂ ਮੰਗਿਆ ਕਰੋ। ਹੇ ਗਰੀਬ ਨਿਵਾਜ! ਉਨ੍ਹਾਂ ਦਾ ਮੇਲ ਕਰਵਾ ਜਿਨ੍ਹਾਂ ਦੇ ਮਿਲਣ ਨਾਲ ਮੈਨੂੰ ਤੂੰ ਚਿੱਤ ਆਵੇਂ। ਬਾਬਾ ਨੰਦ ਸਿੰਘ ਜੀ ਨੇ ਅਰਦਾਸ ਵਿੱਚ ਇਹ ਲਫਜ਼ ਵੀ ਲਿਖੇ ਸੀ, ਕਿਸੇ ਡਿੱਗੇ, ਧੱਕੇ, ਨਿੰਦਕ ਦੀ ਸੰਗਤ ਨਾ ਦੇਈਂ ਜਿਸ ਦੇ ਮਿਲਣ ਨਾਲ ਤੂੰ ਵਿਸਰ ਜਾਵੇਂ। ਜਿੰਨਾ ਕੁ ਸਾਵਧਾਨ ਰਹਿ ਸਕੇ, ਰਹਿਆ ਕਰੋ। ਕੁਝ ਦਿਨ ਹੋਏ, ਕੋਈ ਸਰੀਰ ਉਸਨੇ ਆਪਣੇ ਮਨ ਦਾ ਗੁੱਸਾ ਕੱਢਿਆ। ਜਿਹੜੇ ਲਫਜ਼ ਉਸ ਨੇ ਬੋਲੇ, ਦਾਸ ਨੇ ਬੇਨਤੀ ਕੀਤੀ ਕਿ ਤੂੰ ਨਹੀਂ ਬੋਲ ਰਿਹਾ। ਇਹ ਤੇਰੇ ਲਫਜ਼ ਨਹੀਂ ਹਨ। ਦਾਸ ਨੇ ਫਿਰ ਗੁਟਕਾ ਸਾਹਿਬ ਲੈ ਲਿਆ ਤੇ ਕਿਹਾ, ਇੰਝ ਕਰੀਦਾ ਨਹੀਂ ਪਰ ਦਾਸ ਨੇ ਉਸ ਨੂੰ ਕਿਹਾ ਕਿ ਇੱਕ ਵਾਰੀ ਗੁਟਕਾ ਸਾਹਿਬ ਤੇ ਹੱਥ ਰੱਖ ਕੇ ਕਹਿ ਦੇ, ਤੇਰੇ ਲਫਜ਼ ਨਹੀਂ। ਇਹ ਸਚਾਈ ਹੈ। ਫਿਰ ਉਹ ਮੰਨਿਆ, ਕਹਿੰਦੇ ਦੋ ਦਿਨ ਹੋ ਗਏ ਹਨ, ਕਿਸੇ ਬੰਦੇ ਦਾ ਫੋਨ ਆ ਰਿਹਾ ਹੈ, 25-25 ਮਿੰਟ ਗੱਲਾਂ ਕਰਦਾ ਰਹਿੰਦਾ ਹੈ ਤੇ ਉਸ ਕਰਕੇ ਮੇਰਾ ਦਿਮਾਗ ਇਧਰ ਚਲਾ ਗਿਆ ਹੈ ਤੇ ਬੋਲ ਨਿਕਲੇ ਹਨ। ਇਹ ਸਾਵਧਾਨ ਤੁਸੀਂ

ਰਹਿਣਾ ਹੈ। ਜਿਹੜਾ ਫੋਨ ਕਰਕੇ ਗਲਤ ਸੰਗ ਦੀ ਪ੍ਰੇਰਨਾ ਦੇ ਰਿਹਾ ਹੈ, ਕਿਤੇ ਉਹ ਰੰਗ ਅੰਦਰ ਵੜਦਾ ਤਾਂ ਨਹੀਂ ਜਾ ਰਿਹਾ। ਘਰ ਬਣਾਉਦਿਆਂ ਸਾਲ ਲੱਗ ਜਾਂਦਾ ਹੈ, ਢਾਹੁੰਦਿਆਂ ਦੋ ਦਿਨ ਨਹੀਂ ਲੱਗਦੇ। ਇਹ ਰੋਜ਼ ਅਰਦਾਸ ਕਰਿਆ ਕਰੋ :

*ਸੇਈ ਪਿਆਰੇ ਮੇਲ ਜਿਨਾਂ ਮਿਲਿਆ*
*ਤੇਰਾ ਨਾਮ ਚਿਤ ਆਵੇ ॥*

ਤੁਸੀਂ ਸਾਰੇ ਪੜ੍ਹੇ-ਲਿਖੇ ਬੈਠੇ ਹੋ। ਬਾਬਾ ਬਿਧੀ ਚੰਦ ਜੀ ਜਿਨ੍ਹਾਂ ਨੇ ਛੇਵੇਂ ਪਾਤਸ਼ਾਹ ਜੀ ਦਾ ਪਿਆਰ ਪ੍ਰਾਪਤ ਕੀਤਾ ਹੈ, ਤੇ ਬਾਬਾ ਬਿਧੀ ਚੰਦ ਜੀ ਨੂੰ ਕਿੰਨਾ ਮਾਣ ਸਿੱਖ ਕੌਮ ਵਿੱਚੋਂ ਮਿਲਿਆ, ਸਤਿਗੁਰ ਜੀ ਦੇ ਘਰੋਂ ਮਿਲਿਆ ਤੇ ਬਾਬਾ ਬਿਧੀ ਚੰਦ ਜੀ ਨੂੰ ਪੁੱਛੋ ਕਿ ਬਾਬਾ ਬਿਧੀ ਚੰਦ ਜੀ ਤੁਹਾਨੂੰ ਸਤਿਗੁਰੂ ਛੇਵੇਂ ਪਾਤਸ਼ਾਹ ਜੀ ਦਾ ਅਤਿਅੰਤ ਪਿਆਰ ਕਿਵੇਂ ਪ੍ਰਾਪਤ ਹੋਇਆ? ਤੇ ਮੇਰੇ ਖਿਆਲ ਵਿੱਚ ਜਵਾਬ ਮਿਲੇਗਾ, ਉਹ ਰਾਤ ਕਿਤੇ ਮੈਨੂੰ ਚੰਗਾ ਸੰਗ ਨਾ ਮਿਲਦਾ ਤਾਂ ਗੁਰੂ ਪਿਆਰ ਦੀ ਮੰਜ਼ਿਲ ਤੇ ਨਹੀਂ ਪਹੁੰਚਣਾ ਸੀ। ਸ਼ਾਇਦ ਬਾਬਾ ਬਿਧੀ ਚੰਦ ਜੀ ਇਹ ਵੀ ਆਖਣ, ਜਿੱਥੇ ਮੈਂ ਛੇਵੇਂ ਪਾਤਸ਼ਾਹ ਜੀ ਨੂੰ ਡੰਡਓਤ ਕਰਦਾ ਹਾਂ, ਪੰਜਵੇਂ ਪਾਤਸ਼ਾਹ ਜੀ ਨੂੰ ਡੰਡਓਤ ਕਰਦਾ ਹਾਂ, ਉੱਥੇ ਨਾਲ ਡੰਡਓਤ ਭਾਈ ਅਦਲੀ ਜੀ ਨੂੰ ਵੀ ਕਰਦਾ ਹਾਂ ਜਿਨ੍ਹਾਂ ਦੀ ਵਡਭਾਗੀ ਸੰਗਤ ਨੇ ਮੇਰਾ ਜੀਵਨ ਬਦਲਿਆ ਹੈ। ਬਾਬਾ ਬਿਧੀ ਚੰਦ ਜੀ, ਭਾਈ ਅਦਲੀ ਜੀ ਨੂੰ ਕਹਿੰਦੇ ਹਨ, ਮੇਰੇ ਮੱਥੇ ਨੂੰ ਆਪਣੇ ਚਰਨਾਂ ਉੱਤੇ ਸਪਰਸ਼ ਕਰ ਲੈਣ ਦਿਓ। ਤੇ ਭਾਈ ਅਦਲੀ ਜੀ ਕਹਿੰਦੇ, ਜਿਸ ਦੇ ਚਰਨ ਮੈਂ ਹਿਰਦੇ ਵਿੱਚ ਵਸਾ ਕੇ ਬੈਠਾ ਹਾਂ, ਆ ਤੈਨੂੰ ਉੱਥੇ ਲੈ ਜਾਵਾਂ। ਕਿੱਥੇ ਖੜ੍ਹਿਆ? ਧੰਨ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿੱਚ ਤੇ ਫਿਰ ਸਤਿਗੁਰਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਉਪਰੰਤ ਸਿੱਖੀ ਧਾਰਨ ਕੀਤੀ। ਤੇ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਆਪਾ ਸਮਰਪਣ ਕੀਤਾ। ਸਤਿਗੁਰੂ ਜੀ, ਤਨ ਵੀ ਤੇਰਾ, ਮਨ ਵੀ ਤੇਰਾ, ਧਨ ਵੀ ਤੇਰਾ। ਫਿਰ ਛੇਵੇਂ ਪਾਤਸ਼ਾਹ ਜੀ ਦੀ ਸੇਵਾ, ਜਿਹੜੇ ਸਿੱਖ ਨੇ ਘੋੜੇ ਦਿੱਤੇ ਸੀ, ਲੈ ਕੇ ਆਏ। ਸੌਖਾ ਕੰਮ ਨਹੀਂ ਸੀ। ਫਿਰ ਛੇਵੇਂ ਪਾਤਸ਼ਾਹ ਜੀ ਨੇ ਪੁੱਛਿਆ ਸੀ, ਬਿਧੀ ਚੰਦ ਜੀ, ਤੁਹਾਡੇ ਤੇ ਖੁਸ਼ ਹਾਂ, ਕੁਝ ਮੰਗ ਲਓ। ਫਿਰ ਆਹ ਮੰਗਿਆ ਸੀ :

*ਸਤਿਗੁਰੂ ਕੇ ਸੰਗ ਰਹੂੰ ॥*

ਸਤਿਗੁਰੂ ਛੇਵੇਂ ਪਾਤਸ਼ਾਹ ਜੀ, ਜੇ ਤੁੱਠੇ ਹੋ ਤੇ ਇਹ ਦਾਤ ਝੋਲੀ ਵਿੱਚ ਪਾ ਦਿਓ ਕਿ ਮੈਂ ਜਿੱਥੇ ਜਾਵਾਂ, ਤੁਸੀਂ ਮੇਰੇ ਸੰਗ ਰਹਿਓ।

*ਸਤਿਗੁਰੂ ਕੇ ਸੰਗ ਰਹੂੰ ॥*
*ਸਾਧ ਕੇ ਸੰਗ ਬਹੂੰ ॥*

ਹੇ ਗਰੀਬ ਨਿਵਾਜ! ਇੱਕ ਚੰਗੇ ਸੰਗ ਨੇ ਮੇਰਾ ਜੀਵਨ ਪਲਟਾਇਆ ਹੈ। ਇਸ ਲਈ ਹੇ ਸਤਿਗੁਰੂ ਜੀ! ਜੇ ਤੁਸੀਂ ਤੁੱਠੇ ਹੋ, ਘੋੜੇ ਲਿਆਉਣ ਦੀ ਸੇਵਾ ਤੋਂ, ਇੱਕ ਕਿਰਪਾ ਕਰ ਦਿਓ, ਮੈਨੂੰ ਕਦੀ ਮਾੜਾ ਸੰਗ ਨਾ ਹੋਵੇ, ਬਖਸ਼ਿਆਂ ਦਾ ਹੀ ਸੰਗ ਹੋਵੇ।

*ਸਾਧ ਕੇ ਸੰਗ ਬਹੂੰ ॥*

ਸਤਿਗੁਰੂ ਜੀ ਕਹਿੰਦੇ, ਬਿਧੀ ਚੰਦ ਜੀ ਹੋਰ ਤੇ ਅੱਗੋਂ ਆਖਿਆ ਗਰੀਬ ਨਿਵਾਜ਼ ਜੀ :

*ਨਾਮ ਕੇ ਰੰਗ ਰਹੂੰ ॥*

ਜੋ ਬਚਨ ਲਿਖੇ ਹਨ। ਹੇ ਮਹਾਰਾਜ ਜੀ, ਤੇਰੇ ਨਾਮ ਦੇ ਰੰਗ ਵਿੱਚ ਰੰਗਿਆ ਰਹਾਂ। ਕਿਆ ਨਜ਼ਾਰਾ ਹੋਵੇਗਾ। ਗੁਰੂ ਤੁੱਠੀ ਜਾ ਰਿਹਾ ਹੈ ਤੇ ਸਿੱਖ ਮੰਗਦਾ ਕੀ ਪਿਆ ਹੈ? ਦਰਗਾਹੀ ਦਾਤਾਂ।

*ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥*
*ਗੁਰ ਕਾ ਸਿਖੁ ਵਡਭਾਗੀ ਹੇ ॥*
*(ਅੰਗ ੨੮੬)*

ਵੱਡੇ ਭਾਗਾਂ ਵਾਲੇ ਹੋ।

*ਸਤਿਗੁਰੂ ਕੇ ਸੰਗ ਰਹੂੰ ॥*
*ਸਾਧ ਕੇ ਸੰਗ ਬਹੂੰ ॥*
*ਨਾਮ ਕੇ ਰੰਗ ਰਹੂੰ ॥*

ਛੇਵੇਂ ਪਾਤਸ਼ਾਹ ਜੀ ਜੇ ਤੁੱਠੇ ਹੋ ਤੇ

*ਨਿਸਚਾ ਅਪੰਗ ਰਹੂੰ ॥*

ਸ੍ਰੀ ਗੁਰਪ੍ਰਤਾਪ ਸੂਰਜ ਪ੍ਰਕਾਸ਼ ਗ੍ਰੰਥ ਦੀਆਂ

ਪੰਕਤੀਆਂ ਹਨ। ਆਹ ਚਾਰ ਦਾਤਾਂ ਦੇ ਦਿਓ ਤੇ ਅਖੀਰਲੇ ਸਵਾਸਾਂ ਤੱਕ ਮੇਰੇ ਨਿਸਚੇ ਵਿੱਚ ਵੀ ਕਦੇ ਤ੍ਰੇੜ ਨਾ ਆਵੇ। ਇਸ ਤੇ ਚੰਗੀ ਤਰ੍ਹਾਂ ਗੌਰ ਕਰਿਓ। ਚੰਗਾ ਸੰਗ ਵੀ ਮੰਗਿਆ ਹੈ। ਦਾਸ ਨੂੰ ਬਚਨ ਯਾਦ ਆ ਗਿਆ ਹੈ, ਤੁਸੀਂ ਇੱਕ ਨਾ ਸੁਣਿਆ ਹੈ, ਗੋਪੀ ਚੰਦ ਰਾਜਾ। ਇਸ ਨੇ ਰਾਜ-ਭਾਗ ਤਿਆਗ ਦਿੱਤਾ, ਵੈਰਾਗ ਆ ਗਿਆ। ਸਾਧ ਸੰਗਤ ਜੀ ਇੱਕ ਹੈ ਸਭ ਰਾਜ-ਭਾਗ ਤਿਆਗ ਕੇ ਭਗਤੀ ਕਰਨੀ। ਤੁਹਾਨੂੰ ਗੁਰੂ ਸਾਹਿਬ ਨੇ ਗ੍ਰਹਿਸਥੀ ਵਿੱਚ ਰਹਿੰਦਿਆਂ ਹੀ ਕਿਰਪਾ ਕੀਤੀ ਹੈ। ਢਾਈ ਮਾਵਾਂ ਜਿਹੜੀਆਂ ਇਤਿਹਾਸ ਨੇ ਗਿਣੀਆਂ ਹਨ, ਅੱਧੀ ਮਾਂ ਗੋਪੀ ਚੰਦ ਦੀ ਗਿਣੀ ਹੈ। ਉਹ ਗੋਪੀ ਚੰਦ ਰਾਜਾ ਜਦੋਂ ਜੰਗਲਾਂ ਵਿੱਚ ਜਾਣ ਲੱਗਾ, ਵੈਰਾਗ ਆ ਗਿਆ ਤੇ ਮਾਂ ਨੇ ਕਿਹਾ, ਗੋਪੀ ਚੰਦ ਬੇਟਾ, ਮੇਰੇ ਤਿੰਨ ਬਚਨ ਝੋਲੀ ਵਿੱਚ ਪਾ ਲੈ। ਕਿਹੜੇ ਤਿੰਨ ਬਚਨ। ਬੜੀ ਸੁਣਨ ਵਾਲੀ ਗੱਲ ਹੈ। ਕਹਿਣ ਲੱਗਾ, ਮਾਂ ਕਿਹੜੇ ਤਿੰਨ ਬਚਨ? ਤੇ ਮਾਂ ਕਹਿਣ ਲੱਗੀ, ਬੇਟਾ ਪਹਿਲਾ ਬਚਨ-ਛੱਤੀ ਪ੍ਰਕਾਰ ਕੇ ਪਦਾਰਥਾਂ ਨਾਲ ਭੋਜਨ ਛਕਣਾ ਹੈ। ਦੂਜਾ ਬਚਨ- ਮਾਂ ਕਹਿਣ ਲੱਗੀ, ਗੋਪੀ ਚੰਦ, ਮਖਮਲੀ ਸੇਜ ਤੇ ਸੌਣਾ ਹੈ। ਤੀਜਾ ਬਚਨ- ਮਾਂ ਕਹਿੰਦੀ, ਕਿਲੇ ਵਿੱਚ ਰਹਿਣਾ ਹੈ। ਕਿਲੇ ਤੋਂ ਬਾਹਰ ਨਹੀਂ ਆਉਣਾ। ਗੋਪੀ ਚੰਦ ਹੱਸ ਪਿਆ। ਕਹਿੰਦਾ ਹੈ, ਮਾਂ, ਮੈਂ ਰਾਜ-ਭਾਗ ਤਿਆਗ ਕੇ ਜੰਗਲਾਂ ਵਿੱਚ ਚਲਿਆ ਹਾਂ, ਭਗਤੀ ਕਰਨ। ਵੈਰਾਗ ਆ ਗਿਆ ਹੈ। ਜਪ-ਤਪ ਕਰਨ। ਬੰਦਗੀ ਕਰਨ। ਉੱਥੇ ਤਾਂ ਛੱਤੀ ਪ੍ਰਕਾਰ ਦੇ ਭੋਜਨ ਕਿੱਥੋਂ ਮਿਲਣਗੇ? ਰਾਜ-ਭਾਗ ਤਿਆਗ ਕੇ, ਉੱਥੇ ਮਖਮਲੀ ਸੇਜ ਕਿੱਥੇ ਮਿਲਣੀ ਹੈ? ਮੈਂ ਰਾਜ-ਭਾਗ ਤਿਆਗ ਕੇ ਚਲਿਆ ਹਾਂ, ਕਿਲਾ ਤਾਂ ਇੱਥੇ ਹੈ ਤੇ ਉੱਥੇ ਮੈਨੂੰ ਕਿਲਾ ਕਿੱਥੇ ਮਿਲੇਗਾ? ਮਾਂ ਕਹਿੰਦੀ ਹੈ, ਪੁੱਤਰ, ਤੂੰ ਮੇਰੀ ਗੱਲ ਸਮਝਿਆ ਨਹੀਂ। ਬੜੀ ਸਮਝਣ ਵਾਲੀ ਗੱਲ ਹੈ। ਮਾਂ, ਫਿਰ ਖੋਲ੍ਹ ਕੇ ਦੱਸ। ਮਾਂ ਕਹਿਣ ਲੱਗੀ, ਜੇ ਭਗਤੀ ਕਰਨ ਨਿਕਲਿਆ ਹੈਂ, ਇਸ ਮਾਰਗ ਤੇ ਜਿਹੜਾ ਤੈਨੂੰ ਕਿਹਾ ਹੈ ਕਿ ਛੱਤੀ ਪ੍ਰਕਾਰ ਦੇ ਭੋਜਨ ਛੱਕੀਂ, ਇਸ ਦਾ ਮਤਲਬ ਹੈ, ਕਿ ਕਿਤੇ ਜੰਗਲਾਂ ਵਿੱਚ ਮੰਗ-ਮੰਗ ਕੇ ਪੇਟੂ ਨਾ ਬਣ ਜਾਈਂ। ਕਈ ਬੰਦੇ ਇਸ ਲਾਈਨ ਵੱਲ ਲੱਗਦੇ ਹਨ ਤੇ ਪੇਟੂ ਬਣ ਜਾਂਦੇ ਹਨ। ਅੱਜ ਇੱਥੇ ਪ੍ਰਸ਼ਾਦਾ। ਅੱਜ ਉੱਥੇ ਪ੍ਰਸ਼ਾਦਾ। ਮਾਂ ਨੇ ਆਖਿਆ ਪੁੱਤਰ, ਜਦੋਂ ਅਤਿ ਦੀ ਭੁੱਖ ਲੱਗੇ ਤੇ ਫਿਰ ਜੋ ਰੁੱਖਾ ਮਿੱਸਾ ਮਿਲ ਜਾਏ ਤੇ ਉਹ ਖਾਈਂ। ਅਤਿ ਦੀ ਭੁੱਖ ਲੱਗੀ ਹੋਵੇ ਤੇ ਖਾਧਾ ਹੋਇਆ ਰੁੱਖਾ ਮਿੱਸਾ ਵੀ ਛੱਤੀ ਪ੍ਰਕਾਰ ਦੇ ਭੋਜਨ ਵਰਗਾ ਰਸ ਦਿੰਦਾ ਹੈ। ਪੇਟੂ ਨਾ ਬਣ ਜਾਈਂ। ਅਤਿ ਦੀ ਭੁੱਖ ਲੱਗੀ ਹੋਵੇ, ਉਦੋਂ ਰੁੱਖਾ ਮਿੱਸਾ ਜੋ ਹੋਵੇ, ਉਹ ਛੱਕੀਂ। ਅਤਿ ਦੀ ਭੁੱਖ ਲੱਗੀ ਹੋਵੇ ਤੇ ਤੁਹਾਨੂੰ ਉਸ ਵੇਲੇ ਲੂਣ ਵਾਲੀ ਰੋਟੀ ਵੀ ਇੰਝ ਲੱਗਦੀ ਹੈ, ਜਿਵੇਂ ਛੱਤੀ ਪ੍ਰਕਾਰ ਦੇ ਭੋਜਨ ਹਨ ਤੇ ਜੇਕਰ ਭੁੱਖ ਨਾ ਲੱਗੀ ਹੋਵੇ ਤੇ ਜੋ ਮਰਜ਼ੀ ਆ ਜਾਵੇ, ਗੱਲ ਹੀ ਨਹੀਂ ਬਣਦੀ। ਉਹ ਚੀਜ਼ ਹੀ ਨਹੀਂ ਬਣਦੀ। ਗੁੱਸਾ ਨਾ ਕਰਿਓ। ਅੱਜ ਕਲ੍ਹ ਬਹੁਤੇ ਲੋਕ ਵਿਆਹਾਂ ਤੇ ਜਾਂਦੇ ਹਨ, ਅਨੰਦ ਕਾਰਜ ਤੇ ਨਹੀਂ ਪਹੁੰਚਦੇ, ਗੁਰਦੁਆਰਾ ਸਾਹਿਬ ਨਹੀਂ ਪਹੁੰਚਦੇ, ਬਸ ਪੈਲੇਸ ਵਿੱਚ ਹੀ ਜਾਂਦੇ ਹਨ, ਪੰਦਰਾਂ-ਵੀਹ ਵੈਰਾਇਟੀਆਂ ਲੈ ਕੇ, ਕਦੀ ਕਿਸੇ ਸਟਾਲ ਤੇ, ਕਦੀ ਕਿਸੇ ਸਟਾਲ ਤੇ ਫਿਰ ਛੱਕ ਕੇ ਘਰ ਆ ਗਏ। ਗੁਰਦੁਆਰੇ ਗਏ ਹੀ ਨਹੀਂ, ਕੀਰਤਨ ਸੁਣਿਆ ਹੀ ਨਹੀਂ, ਅਨੰਦ ਕਾਰਜ ਵਿੱਚ ਬੈਠੇ ਹੀ ਨਹੀਂ, ਨਾਮ ਤਾਂ ਪੱਲੇ ਵਿੱਚ ਹੈ ਹੀ ਨਹੀਂ, ਪੇਟੂ ਵਾਲੀ ਗੱਲ ਹੈ। ਮਾਂ, ਤੂੰ ਆਖਿਆ ਸੀ, ਮਖਮਲੀ ਸੇਜ ਤੇ ਸੋਵੀਂ। ਬੜੀ ਬਰੀਕੀ ਵੇਖਿਓ। ਤਾਂ ਹੀ ਗੋਪੀ ਚੰਦ ਦੀ ਮਾਂ ਨੂੰ ਅੱਧੀ ਮਾਂ ਦਾ ਦਰਜਾ ਮਿਲਿਆ ਹੈ। ਮਾਂ ਜੰਗਲ ਵਿੱਚ ਮਖਮਲੀ ਸੇਜ ਕਿੱਥੇ? ਮਾਂ ਕਹਿਣ ਲੱਗੀ, ਬੇਟਾ ਤੂੰ ਮੇਰਾ ਮਤਲਬ ਨਹੀਂ ਸਮਝਿਆ। ਖਾ-ਖਾ ਕੇ ਕਿਤੇ ਸੁੱਤਾ ਨਾ ਰਹੀਂ। ਖਾਧਾ ਤੇ ਸੌਂ ਗਏ। ਘੰਟਾ-ਦੋ-ਘੰਟੇ ਫਿਰ ਰੱਬ ਦੇ ਲੇਖੇ ਲਗਾ ਲਿਆ। ਖਾਧਾ ਤੇ ਸੌਂ ਗਏ। ਨਹੀਂ ਪੁੱਤਰ। ਜਦੋਂ ਅਤਿ ਦੀ ਨੀਂਦ ਆ ਜਾਏ, ਨੀਂਦ ਤੋਂ ਬਿਨ੍ਹਾਂ ਗੁਜ਼ਾਰਾ ਨਹੀਂ, ਉਦੋਂ ਹੀ ਸੋਵੀਂ। ਜਦੋਂ ਅਤਿ ਦੀ ਨੀਂਦ ਆ ਜਾਏ ਤੇ ਫਿਰ ਭਾਵੇਂ ਰੋੜ੍ਹਾਂ ਤੇ ਸੌਂ ਜਾਓ, ਉਹ ਵੀ ਮਖਮਲੀ ਸੇਜ ਲੱਗਦੀ ਹੈ।

ਭਲਾਈ ਕੇਂਦਰ ਪਿੱਛੇ ਜਿਹੇ ਜਿਹੜਾ ਪ੍ਰੋਗਰਾਮ ਹੋਇਆ ਹੈ, ਗੁਰਬਾਣੀ ਕੰਠ ਵਾਲਾ। 2 ਮਈ ਰਾਤ ਨੂੰ ਉੱਥੇ ਪ੍ਰੇਮੀ ਆ ਗਏ, ਜਿਨ੍ਹਾਂ ਦਾ ਰਹਿਣ ਦਾ ਪ੍ਰਬੰਧ

ਕੀਤਾ ਸੀ, ਫੋਨ ਤੇ ਪ੍ਰਬੰਧ ਹੋਇਆ ਸੀ ਤੇ ਚਲੋ ਉਹ ਤਾਂ ਠੀਕ ਤੇ ਜਿਹੜੇ ਹੋਰ ਨਾਲ ਆ ਗਏ ਉਸੇ ਤਰ੍ਹਾਂ ਹੀ, ਦਾਸ ਨੇ ਮੁੰਡਿਆਂ ਨੂੰ ਕਿਹਾ, ਪੰਦਰਾਂ-ਵੀਹ ਤਲਾਈਆਂ ਵਿਛਾ ਕੇ ਫਿਰ ਹਾਲ ਵਿੱਚ ਹੀ ਜਗ੍ਹਾ ਦੇ ਦਿੱਤੀ। ਜਿੰਨੇ ਚਿਰ ਨੂੰ ਦਸ-ਸਾਢੇ ਦਸ ਵਜੇ ਤੱਕ ਤਲਾਈਆਂ ਕੱਢਦੇ ਪਏ ਹਾਂ, ਜਿੱਥੇ ਬਾਬਾ ਜੀ ਦਾ ਕਮਰਾ ਹੈ ਉਸ ਦੇ ਬਾਹਰ ਹੀ ਅੱਠ-ਦਸ ਸਰੀਰ, ਸਿਰਫ ਭੁੰਜੇ ਹੀ ਪੂਰੀ ਗੂੜ੍ਹੀ ਨੀਂਦ ਵਿੱਚ ਸੁੱਤੇ ਪਏ। ਦਾਸ ਨੇ ਕਿਹਾ ਕਿ ਗੂੜ੍ਹੀ ਨੀਂਦ ਆ ਗਈ ਹੈ ਤੇ ਬਿਸਤਰਾ ਵੀ ਨਹੀਂ ਥੱਲੇ। ਕੁਝ ਵੀ ਨਹੀਂ। ਇਹੋ ਹੀ ਇਨ੍ਹਾਂ ਵਾਸਤੇ ਮਖਮਲੀ ਸੇਜ ਹੈ। ਕਿਉਂ, ਨੀਂਦਰ ਦਾ ਜ਼ੋਰ ਹੈ। ਗੋਪੀ ਚੰਦ ਨੂੰ ਮਾਂ ਨੇ ਆਖਿਆ ਦੇਖੀਂ ਪੁੱਤਰ, ਇਸ ਤਰ੍ਹਾਂ ਨਾ ਕਰੀਂ ਕਿ ਹਰ ਵੇਲੇ ਖਾਣਾ ਤੇ ਸੌਂ ਜਾਣਾ, ਸੁਸਤੀ ਨਾ ਪਾਈ ਰੱਖੀ ਐਸਾ ਭਗਤੀ ਮਾਰਗ ਨਹੀਂ। ਜਦੋਂ ਅਤਿ ਦੀ ਨੀਂਦ ਜਦੋਂ ਜ਼ੋਰ ਪਾ ਦੇਵੇ, ਉਦੋਂ ਸੌਂ ਜਾਈਂ। ਅਤਿ ਦੀ ਨੀਂਦ ਜਦੋਂ ਜ਼ੋਰ ਪਾ ਦੇਵੇ, ਭਾਵੇਂ ਬੰਦਾ ਭੁੰਜੇ ਹੀ ਸੁੱਤਾ ਹੋਵੇ ਤੇ ਮਖਮਲੀ ਸੇਜ ਦਾ ਅਨੰਦ ਹੁੰਦਾ ਹੈ। ਮਾਂ, ਹੁਣ ਤੀਜਾ ਬਚਨ ਵੀ ਦੱਸ ਦੇ। ਤੂੰ ਕਿਹਾ ਕਿ ਕਿਲੇ ਵਿੱਚ ਰਹਿਣਾ ਹੈ। ਆਹ ਕਿਲਾ, ਸਤਿਸੰਗਤ ਦਾ ਕਿਲਾ ਕਿਹਾ ਹੈ। ਕਈ ਵਾਰ ਇਕੱਲਿਆਂ ਧਰਮ ਦੇ ਲੇਖੇ ਸਮਾਂ ਲਗਾ ਕੇ, ਉੱਚੇ ਕਰਮ ਕਰਕੇ ਬੰਦਾ ਹੰਕਾਰੀ ਹੋ ਜਾਂਦਾ ਹੈ ਤੇ ਸੰਗਤ ਵਿੱਚ ਜਾ ਕੇ ਪਤਾ ਲੱਗਦਾ ਹੈ ਕਿ ਮੇਰੇ ਤੋਂ ਵੀ ਬਹੁਤ ਉੱਚੇ ਬੈਠੇ ਹੋਏ ਹਨ। ਬੱਚਿਆਂ ਦਾ ਗੁਰਬਾਣੀ ਕੰਠ ਮੁਕਾਬਲਾ ਹੋਇਆ। ਵੱਡੇ-ਵੱਡੇ ਕੀਰਤਨੀਏ ਮਿਲਦੇ ਹਨ। ਕਹਿੰਦੇ ਸਾਡਾ ਸਿਰ ਵੀ ਪਿਆਰ ਵਾਲੀ ਸ਼ਰਮ ਨਾਲ ਝੁਕ ਜਾਂਦਾ ਹੈ ਕਿ ਇੰਨੀ ਛੋਟੀ ਉਮਰ ਵਿੱਚ ਬੱਚਿਆਂ ਨੂੰ ਇਤਨੀ ਬਾਣੀ ਕੰਠ ਹੈ, ਉਹ ਸਾਨੂੰ ਵੀ ਨਹੀਂ। ਸੰਗਤ ਕਰਨ ਨਾਲ ਮਾਣ ਟੁੱਟਦਾ ਹੈ। ਜਦੋਂ ਆਪਣੇ ਤੋਂ ਉੱਚਿਆਂ ਦਾ ਸੰਗ ਹੋਵੇ। ਐ ਪੁੱਤਰ, ਕਿਲਾ ਨਾ ਛੱਡੀਂ। ਮਾਂ ਕਿਹੜਾ ਕਿਲਾ? ਮਾਂ ਨੇ ਆਖਿਆ ਸਤਿਸੰਗ ਦਾ ਕਿਲਾ। ਉਹ ਨਾ ਛੱਡੀਂ। ਇਹ ਗੋਪੀ ਚੰਦ ਨੇ ਫਿਰ ਤਿੰਨੇ ਬਚਨ ਸੰਭਾਲੇ। ਉਸ ਦੀ ਮਾਂ ਦਾ ਵੀ ਉਪਦੇਸ਼, ਸਤਿਸੰਗ ਦਾ ਕਿਲਾ ਨਾ ਛੱਡੀਂ। ਇਸ ਨਾਲ ਮੈਲ ਲੱਥਦੀ ਏ, ਹਉਮੈ ਤੋਂ ਬੰਦਾ ਬਚਦਾ ਹੈ। ਦਾਸ ਬੇਨਤੀ ਕਰਦਾ ਹੈ। ਬਾਬਾ ਬਿਧੀ ਚੰਦ ਜੀ, ਸਤਿਗੁਰਾਂ ਪਾਸੋਂ ਕੀ ਮੰਗਦੇ ਹਨ? ਕਹਿਣ ਲੱਗੇ :

*ਸਤਿਗੁਰੂ ਕੇ ਸੰਗ ਰਹੂੰ॥*
*ਸਾਧ ਕੇ ਸੰਗ ਬਹੂੰ॥*
*ਨਾਮ ਕੇ ਰੰਗ ਰਹੂੰ॥*

ਜੇਕਰ ਤੁੱਠੇ ਹੋ ਤੇ ਕਿਰਪਾ ਕਰੋ ਸਤਿਗੁਰੂ ਜੀ:

*ਨਿਸਚਾ ਅਪੰਗ ਰਹੂੰ॥*

ਛੇਵੇਂ ਪਾਤਸ਼ਾਹ ਜੀ ਕਹਿੰਦੇ, ਹੋਰ। ਮਹਾਰਾਜ ਜੀ, ਆਹ ਝੋਲੀ ਪਾ ਦਿਓ। ਗੁਰੂ ਹਰਿਗੋਬਿੰਦ ਸਾਹਿਬ ਜੀ ਕਹਿਣ ਲੱਗੇ, ਮੈਂ ਤਾਂ ਤੇਰੇ ਤੇ ਇੰਨਾ ਤੁੱਠਾ ਹਾਂ, ਬਿਧੀ ਚੰਦ, ਜੋ ਮੰਗਿਆ ਹੈ, ਇਹ ਤਾਂ ਝੋਲੀ ਵਿੱਚ ਪਏਗਾ। ਅੱਜ ਮੈਂ ਬਾਹਵਾਂ ਖੋਲ੍ਹਦਾ ਹਾਂ, ਆ ਮੇਰੀ ਗਲਵਕੜੀ ਵਿੱਚ ਆ ਜਾ। ਇਹ ਜੋ ਮੰਗਿਆ ਹੈ, ਇਹ ਤਾਂ ਝੋਲੀ ਪਏਗਾ ਹੀ। ਹੁਣ ਆਪਣੀ ਮਰਜ਼ੀ ਨਾਲ ਵੀ ਕੁਝ ਦੇਣ ਲੱਗੇ ਹਾਂ। ਜੋ ਫਿਰ ਸਤਿਗੁਰਾਂ ਨੇ ਵਰ ਦਿੱਤਾ :

*ਬਿਧੀ ਚੰਦ ਛੀਨਾ, ਗੁਰੂ ਕਾ ਸੀਨਾ,*
*ਪ੍ਰੇਮ ਭਗਤ ਭੀਨਾ, ਤੈਂ ਕਦੀ ਕਮੀ ਨਾਹਿ।*

ਇਹ ਪੂਰਾ ਵਰ ਹੈ। ਆਮ ਅਸੀਂ ਇੱਥੋਂ ਤੱਕ ਲੈਂਦੇ ਹਾਂ ਬਿਧੀ ਚੰਦ ਛੀਨਾ ਗੁਰੂ ਕਾ ਸੀਨਾ।

ਤੂੰ ਮੇਰਾ ਸੀਨਾ ਹੈਂ। ਤੈਨੂੰ ਪ੍ਰੇਮਾ ਭਗਤੀ ਦਿੱਤੀ ਤੇ ਜਿੱਥੋਂ ਤੱਕ ਟਕਸਾਲ ਚਲੇਗੀ, ਕਦੀ ਕਿਸੇ ਪਦਾਰਥ ਦੀ ਕੋਈ ਕਮੀ ਨਹੀਂ ਰਹੇਗੀ। ਜਿਹੜਾ ਤੂੰ ਮੰਗਿਆ ਹੈ :

*ਸਤਿਗੁਰੂ ਕੇ ਸੰਗ ਰਹੂੰ॥*
*ਸਾਧ ਕੇ ਸੰਗ ਬਹੂੰ॥*
*ਨਾਮ ਕੇ ਰੰਗ ਰਹੂੰ॥*
*ਨਿਸਚਾ ਅਪੰਗ ਰਹੂੰ॥*

ਗੁਰੂ ਸਾਹਿਬ ਕਹਿੰਦੇ, ਆਹ ਵੀ ਮਿਲੇਗਾ ਤੇ ਨਾਲ ਇਹ ਵੀ ਮਿਲੇਗਾ :

*ਬਿਧੀ ਚੰਦ ਛੀਨਾ, ਗੁਰੂ ਕਾ ਸੀਨਾ,*
*ਪ੍ਰੇਮ ਭਗਤ ਭੀਨਾ, ਤੈਂ ਕਦੀ ਕਮੀ ਨਾਹਿ।*

ਹੁਣ ਸਾਰੀ ਸੰਗਤ ਦੱਸੋ, ਜਦੋਂ ਬਾਬਾ ਬਿਧੀ ਚੰਦ

ਜੀ ਨੂੰ ਇਹ ਦਾਤਾਂ ਮਿਲੀਆਂ ਹੋਣਗੀਆਂ ਤੇ ਸਿਰ ਕਿੱਥੇ ਝੁਕਿਆ ਹੋਵੇਗਾ, ਇੱਕ ਚੰਗਾ ਸੰਗ ਮਿਲ ਗਿਆ, ਭਾਈ ਅਦਲੀ ਜੀ ਦਾ ਤੇ ਅੱਜ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਰਹਿੰਦੀ ਦੁਨੀਆਂ ਤੱਕ ਆਪ ਜੀ ਦੇ ਚਰਨਾਂ ਵਿੱਚੋਂ ਕਿੰਨੀਆਂ ਖੁਸ਼ੀਆਂ ਮਿਲ ਰਹੀਆਂ ਹਨ। ਇਸ ਲਈ ਸਾਰੀ ਸੰਗਤ ਨੂੰ ਬੇਨਤੀ ਹੈ, ਸਤਿਸੰਗ ਨਾ ਛੱਡਿਆ ਕਰੋ। ਸੰਗਤ ਕਰਿਆ ਕਰੋ। ਸੰਗਤ ਇੱਕ ਖੁਰਾਕ ਹੈ। ਦਾਸ ਤਾਂ ਹੈਰਾਨ ਹੈ, ਬਾਬਾ ਨੰਦ ਸਿੰਘ ਜੀ ਦਾ ਇੱਕ ਸਵਾਸ ਵੀ ਸਿਮਰਨ ਤੋਂ ਕਿਤੇ ਖਾਲੀ ਨਹੀਂ ਸੀ ਜਾਂਦਾ ਪਰ ਸਾਰੀ ਜ਼ਿੰਦਗੀ ਸੰਗਤ ਦਾ ਨੇਮ ਨਹੀਂ ਛੱਡਿਆ। ਗੁਰੂ ਮਹਾਰਾਜ ਜੀ, ਤੁਹਾਡੇ, ਮੇਰੇ, ਸਾਰਿਆਂ ਤੇ ਕਿਰਪਾ ਕਰਨ। ਇਹ ਦਾਤ ਝੋਲੀ ਵਿੱਚ ਪਵੇ। ਆਓ ਜੀ, ਇਹ ਪੰਕਤੀਆਂ ਪੜ੍ਹੋ ਤੇ ਫਿਰ ਸਮਾਪਤੀ ਹੈ:

*ਸਾਧਸੰਗਿ ਮਲੁ ਲਾਥੀ ॥ ਪਾਰਬ੍ਰਹਮੁ ਭਇਓ ਸਾਥੀ ॥*

*(ਅੰਗ ੬੨੫)*

---

# ਘਰ ਬੈਠੇ ਕੀਰਤਨ ਸਿੱਖੋ

## ਨੋਟੀਸ਼ਨ : (ਰਾਗ ਭੈਰਵੀ)

**ਇਹ ਰਾਗ ਭੈਰਵੀ ਦਾ ਥਾਟ ਹੈ ਇਸ ਰਾਗ ਵਿੱਚ ਰੁੇ ਗੁਾ ਧੁਾ ਨੁੀ ਕੋਮਲ ਸੁਰ ਹਨ ਬਾਕੀ ਸਾਰੇ ਸੁਰ ਸ਼ੁੱਧ ਲੱਗਦੇ ਹਨ। ਇਸ ਦੀ ਜਾਤੀ ਸੰਪੂਰਨ-ਸੰਪੂਰਨ ਹੈ। ਇਸ ਦੇ ਗਾਉਣ ਦਾ ਸਮਾਂ ਸਵੇਰ ਦਾ ਹੈ। ਦਿਨ ਦਾ ਪਹਿਲਾ ਪਹਿਰ ਵਾਦੀ ਸੁਰ ਮਾ ਸੰਵਾਦੀ ਸਾ ਹੈ।**

*ਅਰੋਹੀ :-* *ਸਾ ਰੁੇ ਗੁਾ ਮਾ ਪਾ ਧੁਾ ਨੁੀ ਸਾਂ*
*ਅਵਰੋਹੀ :-* *ਸਾਂ ਨੁੀ ਧੁਾ ਪਾ ਮਾ ਗੁਾ ਰੁੇ ਸਾ*
*ਪਕੜ :-* *ਮਾ, ਗੁਾ, ਸਾ ਰੁੇ ਸਾ, ਧੁਾ ਨੁੀ ਸਾ*
*ਨੋਟੀਸ਼ਨ :* *ਰਾਗ-ਭੈਰਵੀ, ਤਾਲ-ਕਹਿਰਾਵਾ 8 ਮਾਤਰਾ, ਸ਼ਬਦ : ਵਾਰ ਭਾਈ ਗੁਰਦਾਸ ਜੀ*

**ਅਸਥਾਈ :**

| | | | | | | | | | | |
|---|---|---|---|---|---|---|---|---|---|---|
| ਬੈਠਾ | ਸੋਢੀ | ਪਾਤਿ | ਸਾਹ | ਬੈਠਾ | ਸੋਢੀ | ਪਾਤਿ | ਸਾਹ ऽ ऽ | | | |
| ਗੁਾ ਗੁਾ | ਰੁੇ ਰੁੇ | ਸਾ ਨੁੀ | ਸਾ ਸਾ | ਗੁਾ ਗੁਾ | ਰੁੇ ਰੁੇ | ਸਾ ਨੁੀ | ਸਾ ਸਾ ਸਾ ਸਾ | | | |
| ਰਾਮ | ਦਾਸ | ਸਤਿ | ਗੁਰੂ | ਕਹਾਵੈ | ਰਾਮ | ਦਾਸ | ਸਤਿ | ਗੁਰੂ | ਕਹਾ | ਵੈ ऽ |
| ਧੁਾ ਧੁਾ | ਪਾ | ਮਾ | ਗੁਾ ਗੁਾ | ਮਾ ਮਾ | ਧੁਾ ਧੁਾ | ਪਾ | ਮਾ | ਗੁਾ ਗੁਾ | ਰੁੇ ਰੁੇ | ਸਾ ਸਾ |

**ਅੰਤਰਾ :**

| | | | | | | | | |
|---|---|---|---|---|---|---|---|---|
| ਦਿਚੈ | ਪੂਰਬਿ | ਦੇਵ | ਣਾ ऽ | ਜਿਸ ਦੀ | ਵਸਤੁ | ਤਿਸੈ ਘਰ | ਆਵੈ | |
| ਪਾ ਧੁਾ | ਪਾ ਮਾ | ਪਾ ਧੁਾ | ਨੁੀ ਨੁੀ | ਧੁਾ ਧੁਾ | ਨੁੀ ਨੁੀ | ਧੁਾ ਧੁਾ | ਪਾ ਪਾ | |
| ਜਿਸਦੀ | ਵਸਤੁ | ਤਿਸੈ ਘਰ | ਆਵੈ | ਜਿਸਦੀ | ਵਸਤੁ | ਤਿਸੈ ਘਰ | ਆ ऽ | ਵੈ ऽ |
| ਮਾ ਮਾ | ਗੁਾ ਰੁੇ | ਗੁਾ ਰੁੇ | ਸਾ ਸਾ | ਮਾ ਮਾ | ਗੁਾ ਰੁੇ | ਗੁਾ ਰੁੇ | ਸਾ ਸਾ | ਸਾ ਸਾ |

**(ਅਗਲੀਆਂ ਪੰਗਤੀਆਂ ਇਹਨਾਂ ਸੁਰਾਂ ਤੇ ਕਢੋ ਜੀ)**

*ਦਾਸ : ਹਰਦੇਵ ਸਿੰਘ ਦੀਵਾਨਾ (ਮੋ : 98765-25822)*

ਜੀਵਨ ਇਲਾਹੀ ਜੋਤ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-

# ਧੰਨ ਧੰਨ ਬਾਬਾ ਨੰਦ ਸਿੰਘ ਜੀ

*—ਭਾਈ ਅਮਰੀਕ ਸਿੰਘ ਜੀ ਗਨੈਸਕ ਦੀ ਪੁਸਤਕ ਵਿੱਚੋਂ*

ਗਿਆਨੀ ਪਰਭਾਕਰ ਸਿੰਘ ਜੀ ਦੇ ਮਨ ਵਿੱਚ ਐਸਾ ਪ੍ਰੇਮ ਜਾਗਿਆ ਕਿ ਨਾਨਕਸਰ ਕਲੇਰਾਂ ਜਾ ਕੇ ਦਰਸ਼ਨ ਕਰਨ ਦਾ ਵਿਚਾਰ ਖਿੱਚਾਂ ਪਾਉਣ ਲੱਗਾ, ਪਰ ਬਾਬਾ ਜੀ ਨਿਰੰਕਾਰ ਦੇ ਹੁਕਮ ਅਨੁਸਾਰ ਕਿਸੇ ਹੋਰ ਸਥਾਨ 'ਤੇ ਗਏ ਹੋਏ ਸਨ। ਜਦ ਬਾਬਾ ਜੀ ਦੇ ਨਾਨਕਸਰ ਆਉਣ ਦਾ ਪਤਾ ਲੱਗਾ ਤਾਂ ਆਪਣੇ ਕੁਝ ਵਿਦਿਆਰਥੀਆਂ ਨੂੰ ਨਾਲ ਲੈ ਕੇ ਚਾਲੇ ਪਾ ਦਿੱਤੇ। ਤੁਰਨ ਲੱਗਿਆਂ ਅਰਦਾਸ ਕੀਤੀ ਕਿ ਦਰਸ਼ਨ ਕੀਤੇ ਬਿਨਾਂ ਪਰਸ਼ਾਦਾ ਪਾਣੀ ਨਹੀਂ ਛਕਣਾ। ਸਾਈਕਲਾਂ ਤੇ ਚਾਲੇ ਪਾ ਦਿੱਤੇ। ਨਾਨਕਸਰ ਕਲੇਰਾਂ ਪਹੁੰਚੇ ਤਾਂ ਪਤਾ ਲੱਗਾ ਕਿ ਬਾਬਾ ਜੀ ਝੋਰੜਾਂ ਗਏ ਹੋਏ ਹਨ। ਦੁਪਹਿਰ ਦਾ ਵੇਲਾ ਉੱਤੋਂ ਗਰਮੀ ਦਾ ਮੌਸਮ, ਪਰ ਅਰਦਾਸ ਵੀ ਤਾਂ ਕੀਤੀ ਹੋਈ ਸੀ। ਸੋ ਝੋਰੜਾਂ ਵੱਲ ਚਾਲੇ ਪਾ ਦਿੱਤੇ। ਜੇਠ-ਹਾੜ ਦਾ ਸਮਾਂ।

*ਆਸਾੜੁ ਭਲਾ ਸੂਰਜੁ ਗਗਨਿ ਤਪੈ ॥*
*ਧਰਤੀ ਦੂਖ ਸਹੈ ਸੋਖੈ ਅਗਨਿ ਭਖੈ ॥*

*(ਅੰਗ ੧੧੦੮)*

ਕਹਿਰਾਂ ਦੀ ਗਰਮੀ। ਸਖਤ ਧੁੱਪ ਤੇ ਲੋਅ ਵੀ ਪਈ ਵਗੇ। ਸੰਘ ਸੁੱਕ ਗਏ। ਸਰੀਰ ਮੁੜ੍ਹਕੇ ਨਾਲ ਭਿੱਜਾ। ਪੈਡਲ ਮਾਰਨਾ ਵੀ ਔਖਾ ਪ੍ਰਤੀਤ ਹੁੰਦਾ ਸੀ। ਰਾਹ ਵੀ ਚੰਗੀ ਤਰ੍ਹਾਂ ਨਹੀਂ ਸੀ ਪਤਾ। ਸਾਈਕਲਾਂ ਤੋਂ ਉਤਰਨ ਲੱਗੇ ਅਰਦਾਸਾਂ ਕਰਨ। ਇੰਨੇ ਨੂੰ ਪਤਾ ਨਹੀਂ ਕਿਧਰੋਂ ਇਕ ਘੋੜ ਸਵਾਰ ਓਧਰ ਆ ਨਿਕਲਿਆ। ਉਨ੍ਹਾਂ ਕੋਲ ਆ ਕੇ ਰੁਕ ਗਿਆ। ਬੜੀ ਪ੍ਰਭਾਵਸ਼ਾਲੀ ਸ਼ਖਸੀਅਤ ਸੀ ਉਸਦੀ, ਪਰ ਮੂੰਹ ਸਾਫੇ ਨਾਲ ਢੱਕਿਆ ਹੋਇਆ ਸੀ। ਉਨ੍ਹਾਂ ਸੋਚਿਆ ਸ਼ਾਇਦ ਲੋਅ ਤੋਂ ਬਚਣ ਲਈ ਮੂੰਹ ਢੱਕਿਆ ਹੈ।

''ਮਹਾਂਪੁਰਖਾਂ ਪਾਸ ਜਾਣਾ ਐ ਤੁਸੀਂ?'' ਉਸਦੀ ਆਵਾਜ਼ ਵਿੱਚ ਬੜੀ ਖਿੱਚ ਸੀ। ''ਹਾਂ, ਚਲੇ ਤਾਂ ਬਾਬਾ ਜੀ ਪਾਸ ਹੀ ਆ, ਪਰ ਰਾਹ ਦਾ ਨੀਂ ਪਤਾ ਲੱਗਦਾ।'' ਗਿਆਨੀ ਪਰਭਾਕਰ ਸਿੰਘ ਨੇ ਆਪਣੀ ਔਕੜ ਦੱਸੀ।

ਰਾਹ ਦੱਸਣ ਦਾ ਇਸ਼ਾਰਾ ਕਰਕੇ ਘੋੜ ਸਵਾਰ ਨੇ ਘੋੜਾ ਤੋਰ ਲਿਆ। ਗਿਆਨੀ ਪਰਭਾਕਰ ਸਿੰਘ ਹੋਣੀ ਵੀ ਪਿੱਛੇ-ਪਿੱਛੇ ਚੱਲ ਪਏ। ਥੋੜ੍ਹੀ ਦੂਰ ਜਾ ਕੇ ਉਸਨੇ ਮੋੜ ਤੋਂ ਇਸ਼ਾਰਾ ਕਰਦਿਆਂ ਕਿਹਾ, ''ਇਧਰ ਦੀ ਚਲੇ ਜਾਓ।''

ਮੋੜ ਮੁੜ ਕੇ ਕੁਝ ਅੱਗੇ ਜਾ ਕੇ ਉਨ੍ਹਾਂ ਨੇ ਪਿੱਛੇ ਮੁੜ ਕੇ ਸ਼ੁਕਰਾਨੇ ਦੀ ਭਾਵਨਾ ਨਾਲ ਘੋੜ ਸਵਾਰ ਵੱਲ ਤੱਕਿਆ। ਘੋੜ ਸਵਾਰ ਜੋ ਉਨ੍ਹਾਂ ਲਈ ਇੱਕ ਵਰਦਾਨ ਬਣ ਕੇ ਆਇਆ ਸੀ, ਪਰ ਇਹ ਕੀ। ਉਹ ਤਾਂ ਕਿਸੇ ਪਾਸੇ ਨਜ਼ਰ ਹੀ ਨਹੀਂ ਸੀ ਆਉਂਦਾ। ਬੜੇ ਹੈਰਾਨ ਕਿ ਐਨੀ ਛੇਤੀ ਕਿੱਥੇ ਅਲੋਪ ਹੋ ਗਿਆ।

ਅੱਗੇ ਗਏ ਤਾਂ ਪਤਾ ਲੱਗਾ ਕਿ ਦਰਸ਼ਨ ਸ਼ਾਮ ਨੂੰ ਪੰਜ ਵਜੇ ਹੋਣਗੇ। ਦਰੱਖਤਾਂ ਦੀ ਛਾਂਵੇਂ ਬੈਠ ਗਏ। ਤਪਦੇ ਸਰੀਰਾਂ ਨੂੰ ਕੁਝ ਚੈਨ ਮਿਲਿਆ ਤਾਂ ਪੰਜ-ਇਸ਼ਨਾਨਾਂ ਕੀਤਾ। ਭਾਈ ਸੰਤਾ ਸਿੰਘ ਰਾਹੀਂ ਬਾਬਾ ਜੀ ਪਾਸ ਬੇਨਤੀ ਕੀਤੀ। ਬਾਬਾ ਜੀ ਵੱਲੋਂ ਹੁਕਮ ਹੋਇਆ ਪਹਿਲਾਂ ਪਰਸ਼ਾਦਾ ਛਕਣ ਦਾ। ਬਾਬਾ ਜੀ ਦਾ ਇਹ ਵੀ

ਬਚਨ ਸੀ ਕਿ ਭਾਵੇਂ ਪ੍ਰਾਣ ਤਿਆਗ ਦੇਣ, ਪਰਸ਼ਾਦਾ ਛਕੇ ਬਿਨਾਂ ਸਮਾਂ ਨਹੀਂ ਮਿਲਣਾ। ਬਚਨ ਮੰਨ ਪਰਸ਼ਾਦਾ ਛੱਕ ਕੇ ਪੰਜ ਵਜੇ ਦੀ ਉਡੀਕ ਕਰਨ ਲੱਗੇ, ਪਰ ਬਾਬਾ ਜੀ ਨੇ ਥੋੜ੍ਹੇ ਚਿਰ ਬਾਅਦ ਹੀ ਸੱਦ ਲਿਆ।

''ਐਸੀ ਭਾਈ ਹੱਠ ਵਾਲੀ ਅਰਦਾਸ ਨਹੀਂ ਕਰੀਦੀ, ਨਿਭਾਉਣਾ ਔਖਾ ਹੁੰਦਾ ਹੈ ਨਾਲੇ ਹਉਮੈਂ ਨੂੰ ਬਲ ਮਿਲਦਾ ਐਂ, ਅਖੇ ਮੈਂ ਇਸ ਤਰ੍ਹਾਂ ਕਰੂੰਗਾ ਤਾਂ ਪਰਸ਼ਾਦਾ ਛਕੂੰਗਾ। ਨਹੀਂ ਭਾਈ! ਐਸਾ ਨਹੀਂ! ਕਿਤੇ ਜਾਣਾ ਹੋਵੇ, ਤਾਂ ਬੇਨਤੀ ਕਰੋ ਕਿ ਰਸਤੇ ਮੇਂ ਸਹਾਈ ਹੋਵੋ। ਐਸਾ ਕਰਨ ਨਾਲ ਵਿਘਨ ਦੂਰ ਹੁੰਦੇ ਹਨ। ਬੇਨਤੀ ਕਰ ਕੇ ਤੁਰੇ ਤਾਂ ਉਸ ਵੇਲੇ ਤੋਂ ਹਾਜ਼ਰੀ ਲੱਗਣੀ ਸ਼ੁਰੂ ਹੋ ਜਾਂਦੀ ਹੈ।'' ਬਾਬਾ ਜੀ ਨੇ ਉਨ੍ਹਾਂ ਨੂੰ ਸੁਮੱਤ ਦਿੱਤੀ।

''ਜੀ ਭੁੱਲ ਹੋ ਗਈ!'' ਉਨ੍ਹਾਂ ਨੇ ਭੁੱਲ ਮੰਨੀ।

ਹੁਣ ਬਾਬਾ ਜੀ ਨੇ ਸਾਰਿਆਂ ਤੋਂ ਨਿਤਨੇਮ ਪੁੱਛਿਆ। ਸਭ ਨੇ ਦੱਸਿਆ ਤਾਂ ਬਾਬਾ ਜੀ ਬੜੇ ਪ੍ਰਸੰਨ ਹੋਏ, ''ਤੁਸੀਂ ਭਾਈ ਸੱਚ ਦੱਸਿਆ। ਅਸੀਂ ਪ੍ਰਸੰਨ ਹਾਂ।'' ਨਿਤਨੇਮ ਵਿੱਚ ਪ੍ਰਪੱਕ ਹੋਣ ਦਾ ਬਚਨ ਕਰ ਉਨ੍ਹਾਂ ਨੂੰ ਦੀਵਾਨ ਵਿੱਚ ਹਾਜ਼ਰੀ ਭਰਨ ਦਾ ਬਚਨ ਕੀਤਾ।

ਗਿਆਨੀ ਪਰਭਾਕਰ ਸਿੰਘ ਜੀ ਪਰਮਾਰਥ ਦੇ ਪਾਂਧੀ ਸਨ। ਗੁਰੂ ਸਾਹਿਬ ਦੇ ਦਰਸ਼ਨਾਂ ਦੀ ਖਿੱਚ ਵੀ ਸੀ। ਉਸ ਰਾਤ ਧੰਨ, ਧੰਨ, ਧੰਨ, ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋਇਆ। ਜੋ ਅਨੰਦ ਉਨ੍ਹਾਂ ਨੂੰ ਪ੍ਰਾਪਤ ਹੋਇਆ ਕਥਨ ਤੋਂ ਪਰ੍ਹੇ ਹੈ।

*ਦੀਦਾਰ-ਏ-ਪੀਰ ਕੋ ਲਮਹੋਂ ਕੋ ਬਯਾਂ ਕਰੂੰ ਕੈਸੇ?*
*ਹੋਂਗੇ ਸੂਰਜ ਕੇ ਆਗੇ ਲਫਜ਼ ਜੁਗਨੂੰ ਜੈਸੇ।*

ਉਹ ਜਾਣਦੇ ਸਨ ਕਿ ਇਹ ਬਾਬਾ ਜੀ ਦੀ ਬਖਸ਼ਿਸ਼ ਹੈ, ਪਰ ਜਦ ਸਵੇਰੇ ਬਾਬਾ ਜੀ ਪਾਸ ਗੱਲ ਕੀਤੀ ਤਾਂ ਬਾਬਾ ਜੀ ਨੇ ਬਚਨ ਕੀਤਾ, ''ਭਾਈ ਇਹ ਤਾਂ ਤੇਰੀ ਇੱਛਾ ਸੀ। ਜਿਸ ਰੂਪ ਵਿੱਚ ਕੋਈ ਧਿਆਨ ਕਰਦਾ ਹੈ, ਦਰਸ਼ਨ ਹੋ ਜਾਂਦੇ ਨੇ। ਤੇਰਾ ਹੀ ਫੁਰਨਾ ਸੀ। ਸਾਥੋਂ ਇਹ ਕਿਵੇਂ ਹੋ ਸਕਦਾ ਹੈ।'' (ਇਹ ਬਾਬਾ ਜੀ ਦੀ ਨਿਮਰਤਾ ਤੇ ਆਪਣਾ ਜ਼ਾਹਰ ਨਾ ਕਰਨਾ ਬਚਨ ਸੀ)

ਇਸ ਘਟਨਾ ਤੋਂ ਕੁਝ ਅਰਸੇ ਬਾਅਦ ਕੋਈ ਐਸਾ ਕਰਮ ਸਾਹਮਣੇ ਆ ਗਿਆ ਜੋ ਫਿਨਸੀ ਦੇ ਰੂਪ ਵਿੱਚ ਭੁਗਤਣਾ ਸ਼ੁਰੂ ਹੋਇਆ ਤੇ ਹੌਲੀ-ਹੌਲੀ ਸੋਜ ਅਤੇ ਬੁਖਾਰ ਨੂੰ ਵੀ ਆਪਣੇ ਸਾਥੀ ਬਣਾ ਲਿਆ। ਡਾਕਟਰ ਵੀ ਵਾਹ ਲਾ ਕੇ ਥੱਕ ਗਏ। ਜਵਾਬ ਦੇ ਦਿੱਤਾ। ਸੰਤ ਗੁਲਾਬ ਸਿੰਘ ਜੀ ਨੂੰ ਦਿਖਾਇਆ ਪਰ ਉਨ੍ਹਾਂ ਦਾ ਵੀ ਇਹ ਕਹਿਣਾ ਸੀ ਕਿ ਹਿਕਮਤ ਅਨੁਸਾਰ ਇਹ ਮਰਜ ਲਾਇਲਾਜ ਹੈ। ਹੁਣ ਦੁਆ ਤੋਂ ਛੁਟ ਹੋਰ ਕੋਈ ਚਾਰਾ ਨਹੀਂ ਸੀ।

*ਜਦ ਰੋਗ ਅਸਾਧ ਕੋਈ ਲੱਗ ਜਾਵੇ।*
*ਜਦ ਤਪਸ਼ ਕੋਈ ਸੀਨੇ ਅੱਗ ਲਾਵੇ।*
*ਦਵਾ ਨਾ ਕਰੇ ਜਦ ਅਸਰ ਕੋਈ।*
*ਹੋਰ ਨਾ ਦਿਖੇ ਜਦ ਡਗਰ ਕੋਈ।*
*ਆਵੈ ਨਾ ਜਦ ਕੋਈ ਕਾਰਜ ਰਾਸ।*
*ਹੱਥ ਜੋੜ ਰੱਬ ਅੱਗੇ ਕਰੇ ਅਰਦਾਸ।*

ਗਿਆਨੀ ਪਰਭਾਕਰ ਸਿੰਘ ਜੀ ਮੰਜੇ 'ਤੇ ਪਏ ਬਾਬਾ ਜੀ ਨੂੰ ਯਾਦ ਕਰ ਰਹੇ ਸਨ। ਥੋੜ੍ਹੇ ਚਿਰ ਬਾਅਦ ਹੀ ਸੰਤ ਗੁਲਾਬ ਸਿੰਘ ਜੀ ਦਾ ਸੁਨੇਹਾ ਆਇਆ ਕਿ ਬਾਬਾ ਜੀ ਉਨ੍ਹਾਂ ਪਾਸ ਆਏ ਹੋਏ ਹਨ ਤੇ ਗਿਆਨੀ ਪਰਭਾਕਰ ਸਿੰਘ ਨੂੰ ਸੱਦ ਰਹੇ ਹਨ। ਸੁਨੇਹਾ ਕੀ ਆਇਆ ਅੱਧਾ ਮਰਜ਼ ਦੂਰ ਹੋ ਗਿਆ। ਬਾਬਾ ਜੀ ਦੇ ਦਰਸ਼ਨ ਕੀਤੇ ਤਾਂ ਰੋਗ ਨਾਂ-ਮਾਤਰ ਹੀ ਰਹਿ ਗਿਆ। ਕਮਾਲ ਦੀ ਗੱਲ ਇਹ ਕਿ ਜਦ ਉਨ੍ਹਾਂ ਇਹ ਕਿਹਾ ਕਿ ਰੋਗ ਬਾਬਾ ਜੀ ਆਪ ਜੀ ਦੀ ਕਿਰਪਾ ਨਾਲ ਹਟਿਆ ਹੈ ਤਾਂ ਬਾਬਾ ਜੀ ਨੇ ਉਨ੍ਹਾਂ ਨੂੰ ਅਜਿਹਾ ਕਹਿਣ ਤੋਂ

ਵਰਜਿਆ। ਆਪਣੇ ਉੱਪਰ ਗੱਲ ਨਾ ਲਾਈ।

ਗਿਆਨੀ ਪਰਭਾਕਰ ਸਿੰਘ ਜੀ ਜਿਨ੍ਹਾਂ ਨੇ ਅਜਿਹੇ ਕੌਤਕ ਡਿਠੇ ਕਿਉਂ ਨਾ ਪ੍ਰੀਤਵਾਨ ਬਣਦੇ। ਬਾਬਾ ਜੀ ਦੀ ਵੀ ਉਨ੍ਹਾਂ 'ਤੇ ਬਹੁਤ ਪ੍ਰਸੰਨਤਾ ਸੀ। ਜਦ ਬਾਬਾ ਗੁਲਾਬ ਸਿੰਘ ਜੀ ਘੋਲੀਏ ਵਾਲਿਆਂ ਦੇ ਸਰੀਰ ਨੂੰ ਖੇਦ ਸੀ, ਉਸ ਵੇਲੇ ਬਾਬਾ ਜੀ ਨੇ ਸੰਤ ਗੁਲਾਬ ਸਿੰਘ ਜੀ ਬਾਰੇ ਗਿਆਨੀ ਪਰਭਾਕਰ ਸਿੰਘ ਜੀ ਨਾਲ ਹੀ ਬਚਨ ਕੀਤੇ ਸਨ।

ਬੀਮਾਰੀ ਦੌਰਾਨ ਸੰਤ ਗੁਲਾਬ ਸਿੰਘ ਜੀ ਬਾਬਾ ਜੀ ਦੇ ਦਰਸ਼ਨਾਂ ਲਈ ਜਾਣਾ ਚਾਹੁੰਦੇ ਸਨ, ਪਰ ਸਿਹਤ ਇਜਾਜ਼ਤ ਨਹੀਂ ਸੀ ਦਿੰਦੀ। ਇਸ ਲਈ ਗਿਆਨੀ ਪਰਭਾਕਰ ਸਿੰਘ ਜੀ ਨੂੰ ਬਾਬਾ ਜੀ ਪਾਸ ਭੇਜਿਆ। ਬਾਬਾ ਜੀ ਨੇ ਬਚਨ ਕੀਤਾ ਕਿ ਸੰਤ ਜੀ ਆਪ ਨਾ ਆਉਣ ਕਿਉਂਕਿ ਸਰੀਰ ਨੂੰ ਖੇਚਲ ਹੁੰਦੀ ਹੈ। ਆਪ ਜੀ ਨੇ ਖੁਦ ਆਉਣ ਦਾ ਬਚਨ ਕੀਤਾ।

ਕੁਝ ਦਿਨਾਂ ਬਾਅਦ, ਇੱਕ ਦਿਨ ਗਿਆਨੀ ਪਰਭਾਕਰ ਸਿੰਘ ਜੀ ਨੂੰ ਬਾਬਾ ਜੀ ਵੱਲੋਂ ਬਹੁਤ ਤੀਬਰ ਖਿੱਚ ਮਹਿਸੂਸ ਹੋਈ। ਬਾਬਾ ਜੀ ਪਾਸ ਪੁੱਜਾ ਤਾਂ ਬਾਬਾ ਜੀ ਨੇ ਬਚਨ ਕੀਤਾ, "ਅੰਮ੍ਰਿਤ ਵੇਲੇ ਸੰਤ ਗੁਲਾਬ ਸਿੰਘ ਜੀ ਦਾ ਟੈਲੀਫੋਨ ਆਇਆ ਸੀ। ਤੂੰ ਉਨ੍ਹਾਂ ਪਾਸ ਜਾਵੀਂ ਤੇ ਆਖੀਂ ਜਦ ਵੀ ਕੋਈ ਸਵਾਰੀ ਮਿਲ ਗਈ ਉਸੇ ਵੇਲੇ ਆ ਜਾਵਾਂਗੇ। ਗੁਰੂ ਭਲੀ ਕਰੇਗਾ।"

*—ਚਲਦਾ*

# 550 ਸਾਲ ਗੁਰੂ ਨਾਨਕ ਜੀ ਦੀ ਬਾਣੀ ਨਾਲ



12 ਨਵੰਬਰ 2019 ਨੂੰ 550 ਸਾਲ ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਪੁਰਬ ਦੀ ਖੁਸ਼ੀ ਵਿੱਚ ਸੱਤਵੀਂ ਲਹਿਰ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਸੰਬੰਧ ਵਿੱਚ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ, ਸ੍ਰੀ ਜਪੁਜੀ ਸਾਹਿਬ ਅਤੇ ਵਾਹਿਗੁਰੂ ਗੁਰਮੰਤਰ ਜਾਪ ਦੀਆਂ ਹਾਜ਼ਰੀਆਂ ਆਪ ਵੀ ਭਰਨੀਆਂ ਹਨ ਤੇ ਹੋਰਨਾਂ ਨੂੰ ਵੀ ਪ੍ਰੇਰਨਾ ਦੇਣੀ ਜੀ।

ਇਸ ਸੰਬੰਧ ਵਿੱਚ ਅਰਦਾਸ ਸਮਾਗਮ 2 ਅਕਤੂਬਰ 2018 ਤੋਂ 30 ਮਾਰਚ 2019, ਦਿਨ ਸ਼ਨੀਵਾਰ ਨੂੰ ਅੰਮ੍ਰਿਤਸਰ ਵਿਖੇ ਹੋਵੇਗਾ ਜੀ।

**ਇਸ ਉਪਰਾਲੇ ਵਿੱਚ ਆਪ ਜੀ ਕੋਲੋਂ ਮਹਾਰਾਜ ਜੀ ਨੇ ਕਿਤਨੇ ਪਾਠਾਂ ਦੀ ਸੇਵਾ ਲਈ ਹੈ ਹੇਠ ਲਿਖੇ ਨੰਬਰਾਂ ਤੇ ਲਿਖਵਾਉਣ ਦੀ ਕ੍ਰਿਪਾਲਤਾ ਕਰਨੀ ਜੀ।**

**ਮੋਬਾਇਲ: 98765-25850, 98880-24382**

# ਪਰਖ ਤੇ ਪ੍ਰਪੱਕਤਾ

ਅੰਕ 125 ਵਿੱਚ 10 ਸਵਾਲ ਦਿੱਤੇ ਜਾ ਰਹੇ ਹਨ, ਇਨ੍ਹਾਂ ਸਵਾਲਾਂ ਦੇ ਨਾਲ ਤਿੰਨ-ਤਿੰਨ ਜਵਾਬ ਵੀ ਦਿੱਤੇ ਜਾ ਰਹੇ ਹਨ। ਆਪ ਜੀ ਨੇ ਇਸ ਪੰਨੇ ਦੀ ਫੋਟੋ ਸਟੇਟ ਕਰਵਾ ਕੇ ਇਨ੍ਹਾਂ ਸਵਾਲਾਂ ਦੇ ਦਿੱਤੇ ਗਏ ਜਵਾਬਾਂ ਵਿੱਚੋਂ ਠੀਕ ਜਵਾਬ ਤੇ ਸਹੀ ਦਾ ਨਿਸ਼ਾਨ ਲਗਾਉਣਾ ਹੈ ਜਾਂ ਪੋਸਟ ਕਾਰਡ ਉੱਪਰ ਸਹੀ ਉੱਤਰ ਲਿਖ ਕੇ 'ਸਿਫਤਿ ਸਾਲਾਹ' ਦਫਤਰ ਦੇ ਪਤੇ 'ਤੇ ਭੇਜੋ ਜੀ। ਜਿਨ੍ਹਾਂ ਦੇ 10 ਸਵਾਲਾਂ ਵਿੱਚੋਂ 8 ਜਵਾਬ ਠੀਕ ਹੋਣਗੇ, ਉਨ੍ਹਾਂ ਵਿੱਚੋਂ ਸਹੀ ਉੱਤਰ ਦੇਣ ਵਾਲੇ 21 ਮੈਂਬਰਾਂ ਦਾ ਡਰਾਅ ਕੱਢ ਕੇ ਉਨ੍ਹਾਂ ਨੂੰ ਭਾਈ ਗੁਰਇਕਬਾਲ ਸਿੰਘ ਜੀ ਦੇ ਕੀਰਤਨ ਦੀ ਵੀ.ਸੀ.ਡੀ. ਸਤਿਕਾਰ ਸਹਿਤ ਭੇਜੀ ਜਾਵੇਗੀ। —ਸੰਪਾਦਕ

1. ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਬਦਲਾ ਲੈਣ ਲਈ ਕਿਹੜੇ ਦੋ ਸਿੰਘਾਂ ਦੀ ਸੇਵਾ ਲੱਗੀ?
ੳ) ਭਾਈ ਸੁੱਖਾ ਸਿੰਘ ਜੀ, ਭਾਈ ਮਹਿਤਾਬ ਸਿੰਘ ਜੀ,
ਅ) ਭਾਈ ਬੋਤਾ ਸਿੰਘ ਜੀ, ਭਾਈ ਗਰਜਾ ਸਿੰਘ ਜੀ
ੲ) ਭਾਈ ਬੀਰ ਸਿੰਘ, ਭਾਈ ਧੀਰ ਸਿੰਘ ਜੀ
2. ਸ੍ਰੀ ਅਕਾਲ ਤਖ਼ਤ ਸਾਹਿਬ ਸਭ ਤੋਂ ਪਹਿਲਾਂ ਢਾਡੀ ਵਾਰਾਂ ਦੀ ਸੇਵਾ ਕਿੰਨਾਂ ਨੇ ਕੀਤੀ?
ੳ) ਢਾਡੀ ਸੋਹਣ ਸਿੰਘ ਤੇ ਢਾਡੀ ਸ਼ੀਤਲ ਜੀ
ਅ) ਢਾਡੀ ਬਦੂਲਾ ਜੀ ੲ) ਢਾਡੀ ਅਬਦੁੱਲਾ ਜੀ
3. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਕਿੱਥੇ ਮਿਲੀ ਤੇ ਕਿਹੜੇ ਗੁਰੂ ਸਾਹਿਬ ਜੀ ਨੇ ਦਿੱਤੀ?
ੳ) ਸ੍ਰੀ ਹਜ਼ੂਰ ਸਾਹਿਬ (ਨੰਦੇੜ) ਵਿਖੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅ) ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ੲ) ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ
4. ਧੰਨ ਬਾਬਾ ਦੀਪ ਸਿੰਘ ਜੀ ਦਾ ਆਗਮਨ ਕਿੱਥੇ ਹੋਇਆ ਤੇ ਉਨ੍ਹਾਂ ਦੇ ਮਾਤਾ ਪਿਤਾ ਜੀ ਦਾ ਕੀ ਨਾਂ ਸੀ?
ੳ) ਲਲਕਾਰ ਸਾਹਿਬ ਵਿਖੇ, ਮਾਤਾ- ਮਾਤਾ ਜੀਵਣੀ ਜੀ ਤੇ ਪਿਤਾ- ਭਾਈ ਭਗਤੂ ਜੀ ਅ) ਪਹੂਵਿੰਡ ਸਾਹਿਬ ਵਿਖੇ, ਮਾਤਾ- ਮਾਤਾ ਜੀਊਣੀ ਜੀ ਤੇ ਪਿਤਾ- ਭਾਈ ਭਗਤੂ ਜੀ
ੲ) ਗੁ: ਲਕੀਰ ਸਾਹਿਬ ਵਿਖੇ, ਮਾਤਾ- ਮਾਤਾ ਜੀਵਣੀ ਜੀ ਤੇ ਪਿਤਾ- ਭਾਈ ਭਗਤੂ ਜੀ
5. ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਸ਼ਹੀਦੀ ਤੋਂ ਪਹਿਲਾਂ ਗੁਰੂ ਸਾਹਿਬ ਦੇ ਕਿਹੜੇ ਸਿੱਖ ਨੂੰ ਪਾਣੀ ਦੀ ਦੇਗ ਵਿੱਚ ਉਬਾਲ ਕੇ ਸ਼ਹੀਦ ਕੀਤਾ ਗਿਆ?
ੳ) ਭਾਈ ਮਤੀ ਦਾਸ ਜੀ ਅ) ਭਾਈ ਸਤੀ ਦਾਸ ਜੀ
ੲ) ਭਾਈ ਦਿਆਲਾ ਜੀ
6. ਧੰਨ ਬਾਬਾ ਦੀਪ ਸਿੰਘ ਜੀ ਦਾ ਜਿਸ ਜਗ੍ਹਾ ਤੋਂ ਜੰਗ ਵਿੱਚ ਸੀਸ ਧੜ ਤੋਂ ਅਲੱਗ ਹੋਇਆ ਤੇ ਅੱਜ ਉਸ ਅਸਥਾਨ ਤੇ ਕਿਹੜਾ ਗੁਰਧਾਮ ਸੁਸ਼ੋਭਿਤ ਹੈ?
ੳ) ਗੁ: ਸ਼ਹੀਦ ਗੰਜ ਸਾਹਿਬ ਅ) ਗੁ: ਲਕੀਰ ਸਾਹਿਬ
ੲ) ਗੁ: ਟਾਹਲਾ ਸਾਹਿਬ
7. ਭਾਈ ਪਾਰੋ ਜੁਲਕਾ ਦੀ ਸੇਵਾ ਤੋਂ ਖੁਸ਼ ਹੋ ਕੇ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਨੂੰ ਕਿਹੜੀ ਪਦਵੀ ਨਾਲ ਸਨਮਾਨਿਆ ਸੀ?
ੳ) ਭਾਈ ਬਹਿਲੋ ਸਭ ਤੋਂ ਪਹਿਲੋ ਅ) ਮੰਝ ਪਿਆਰਾ ਗੁਰੂ ਕੋ ਗੁਰੂ ਮੰਝ ਪਿਆਰਾ ੲ) 'ਪਰਮ ਹੰਸ' ਦੀ ਪਦਵੀ ਨਾਲ
8. ਭਾਈ ਬਚਿੱਤਰ ਸਿੰਘ ਜੀ ਅੰਦਰ ਕਿਹੜੀ ਅਜਿਹੀ ਸ਼ਕਤੀ ਸੀ ਜਿਸਨੇ ਉਨ੍ਹਾਂ ਨੂੰ ਇੰਨਾ ਬਹਾਦਰ ਬਣਾ ਦਿੱਤਾ?
ੳ) ਗੁਰਬਾਣੀ ਦੇ ਨੇਮ ਵਿੱਚ ਪ੍ਰਪਕਤਾ ਅਤੇ ਅੰਮ੍ਰਿਤ ਦੀ ਸ਼ਕਤੀ ਅ) ਗੁਰਬਾਣੀ ਦੇ ਨੇਮ ਵਿੱਚ ਸ਼ਕਤੀ ਅਤੇ ਅੰਮ੍ਰਿਤ ਦੀ ਪ੍ਰਪਕਤਾ ੲ) ਅੰਮ੍ਰਿਤ ਦੇ ਨੇਮ ਵਿੱਚ ਪ੍ਰਪਕਤਾ ਅਤੇ ਗੁਰਬਾਣੀ ਦੀ ਸ਼ਕਤੀ
9. ਕਿਹੜੇ ਗੁਰੂ ਸਾਹਿਬ ਜੀ ਦੀ ਸਭ ਤੋਂ ਵੱਧ ਗੁਰਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ?
ੳ) ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਅ) ਧੰਨ ਸ੍ਰੀ ਗੁਰੂ ਅਮਰਦਾਸ ਜੀ ੲ) ਧੰਨ ਸ੍ਰੀ ਗੁਰੂ ਅਰਜਨ ਦੇਵ ਜੀ
10. ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹੜਾ ਨਗਾਰਾ ਤਿਆਰ ਕਰਵਾਇਆ ਤੇ ਕਿੱਥੇ ਤਿਆਰ ਕਰਵਾਇਆ?
ੳ) ਰਣਜੀਤ ਨਗਾਰਾ, ਸ੍ਰੀ ਹਜ਼ੂਰ ਸਾਹਿਬ ਵਿਖੇ
ਅ) ਰਣਜੀਤ ਨਗਾਰਾ, ਸ੍ਰੀ ਅਨੰਦਪੁਰ ਸਾਹਿਬ ਵਿਖੇ
ੲ) ਰਣਜੀਤ ਨਗਾਰਾ, ਸ੍ਰੀ ਦਮਦਮਾ ਸਾਹਿਬ ਵਿਖੇ

## ਪਿਛਲੇ ਅੰਕ ਦੇ ਸਹੀ ਜਵਾਬ :-

1. ਧੰਨ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਲਈ ਕਹੇ, 2. ਧੰਨ ਬਾਬਾ ਬੁੱਢਾ ਸਾਹਿਬ ਜੀ ਪਹਿਲੇ ਤੇ ਭਾਈ ਮਨੀ ਸਿੰਘ ਜੀ ਤੀਜੇ, 3. ਬਾਬਾ ਮੋਹਨ ਜੀ ਕੋਲੋਂ, ਗੋਇੰਦਵਾਲ ਸਾਹਿਬ ਤੋਂ, 4. ਸ੍ਰੀ ਸੁਖਮਨੀ ਸਾਹਿਬ, 5. ਭਾਈ ਗੁਰਦਾਸ ਦੀ ਬਾਣੀ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਨਹੀਂ ਹੈ, 6. ਭਾਈ ਗੁਰਦਾਸ ਜੀ, 7. 5 ਸਿੰਘਾਂ ਨੂੰ, ਚਮਕੌਰ ਸਾਹਿਬ ਦੀ ਗੜ੍ਹੀ ਵਿੱਚ, 8. ਸ੍ਰੀ ਗੁਰੂ ਅਰਜਨ ਦੇਵ ਜੀ ਦੀ, ਗੁ: ਮੰਜੀ ਸਾਹਿਬ (ਗੁ: ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿੱਚ), 9. ਮੰਝ ਪਿਆਰਾ ਗੁਰੂ ਕੋ ਗੁਰੂ ਮੰਝ ਪਿਆਰਾ। ਮੰਝ ਗੁਰੂ ਕਾ ਬੋਹਿਥਾ ਜਗ ਲੰਘਣ ਹਾਰਾ। 10. ਧੰਨ ਸ੍ਰੀ ਗੁਰੂ ਅੰਗਦ ਦੇਵ ਜੀ।

## ਜੇਤੂਆਂ ਦੇ ਨਾਮ :

1. ਕੈਪਟਨ ਪਾਲ ਸਿੰਘ (ਫਤਹਿਗੜ੍ਹ ਸਾਹਿਬ), 2. ਸ੍ਰ. ਸੁਖਦੇਵ ਸਿੰਘ ਵਾਲੀਆ (ਬਰਨਾਲਾ), 3. ਸ੍ਰ. ਗੁਰਦਰਸ਼ਨ ਸਿੰਘ (ਪਟਿਆਲਾ), 4. ਸ੍ਰ. ਗੁਰਦੇਵ ਸਿੰਘ ਮਾਨ (ਬਠਿੰਡਾ), 5. ਸ੍ਰ. ਹਰਦਿਆਲ ਸਿੰਘ ਭਾਟੀਆ (ਜ਼ਿਲ੍ਹਾ ਸੋਲਨ), 6. ਸ੍ਰ. ਸਲਵਿੰਦਰ ਸਿੰਘ (ਮੋਹਾਲੀ), 7. ਸ੍ਰ. ਸੁਖਦੇਵ ਸਿੰਘ ਝੋਰੜਾਂ (ਜਗਰਾਉਂ), 8. ਸ੍ਰ. ਗੁਰਦੀਪ ਸਿੰਘ ਮਾਸਟਰ (ਅੰਮ੍ਰਿਤਸਰ), 9. ਰੁੜ ਸਿੰਘ (ਖਰੜ), 10. ਬੀਬੀ ਜਸਬੀਰ ਕੌਰ ਬਾਜਵਾ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ), 11. ਬੀਬੀ ਜਿੰਦਰ ਕੌਰ (ਜ਼ਿਲ੍ਹਾ ਮੋਗਾ), 12. ਚੰਦਰ ਲੇਖਾ (ਤਰਨ ਤਾਰਨ ਸਾਹਿਬ), 13. ਸ੍ਰ. ਰਣਜੀਤ ਸਿੰਘ (ਪਟਿਆਲਾ), 14. ਸ੍ਰ. ਹਰਭਜਨ ਸਿੰਘ (ਸਟੇਸ਼ਨ ਮਾਸਟਰ) ਚੰਦੋਸੀ, 15. ਮਾਸਟਰ ਕੁਲਵੰਤ ਸਿੰਘ (ਜ਼ਿਲ੍ਹਾ ਮਾਨਸਾ), 16. ਹਰਵਿੰਦਰ ਕੌਰ (ਲੁਧਿਆਣਾ), 17. ਕੈਪਟਨ ਭਜਨ ਸਿੰਘ

# ਅਨਮੋਲ ਬਚਨ

## ਧੰਨ ਧੰਨ ਬਾਬਾ ਨੰਦ ਸਿੰਘ ਜੀ

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

**248**

ਸਿਮਰਨ ਮਿਲਦਾ ਹੈ ਸਤਿਸੰਗਤ ਕਰਨ ਨਾਲ, ਸਤਿਸੰਗਤ ਮਿਲਾਉਂਦੀ ਹੈ, ਮਹਾਂਪੁਰਸ਼ਾਂ ਨੂੰ, ਮਹਾਂਪੁਰਸ਼ ਫੜਾਉਂਦੇ ਨੇ ਬਾਂਹ ਗੁਰੂ ਨਾਨਕ ਸਾਹਿਬ ਦੀ, ਗੁਰੂ ਮਿਲਾਉਂਦਾ ਹੈ ਨਿਰੰਕਾਰ ਨਾਲ।

**249**

ਪਾਰਸ ਤਾਂ ਲੋਹੇ ਨੂੰ ਸੋਨਾ ਬਣਾਉਂਦਾ ਹੈ, ਪਰ ਨਾਮ ਦਾ ਪਾਰਸ ਅਭਿਆਸੀ ਨੂੰ ਵੀ ਪਾਰਸ ਬਣਾ ਦਿੰਦਾ ਹੈ, ਉਹ ਅਗਾਂਹ ਪਾਰਸ ਦਾ ਹੀ ਕੰਮ ਕਰਦਾ ਹੈ।

*ਸੰਗ੍ਰਹਿ ਕਰਤਾ- ਸੰਪਾਦਕ*

## ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

**86**

ਸਕੂਲ ਵਿੱਚ ਦਾਖਲ ਹੁੰਦੇ ਸਾਰ ਬੱਚਾ ਗ੍ਰੈਜੂਏਟ ਨਹੀਂ ਹੋ ਜਾਂਦਾ, ਪੜ੍ਹਾਈ ਕਰਨੀ ਪੈਂਦੀ ਹੈ, ਇਸੇ ਤਰ੍ਹਾਂ ਰੂਹਾਨੀਅਤ ਵਿੱਚ ਵੀ ਪ੍ਰਾਪਤੀ ਲਈ ਘਾਲਣਾ ਘਾਲਣੀ ਪੈਂਦੀ ਹੈ।

**87**

ਗੁਰੂ ਘਰ ਵਿੱਚ ਸੇਵਾ ਸਿਮਰਨ ਰਾਂਹੀ ਹੀ ਵੱਡੇ-ਵੱਡੇ ਮੁਰਾਤਬੇ ਪ੍ਰਾਪਤ ਹੋਏ ਹਨ ਅਤੇ ਹੋ ਰਹੇ ਹਨ।

*—ਭਾਈ ਅਮਰੀਕ ਸਿੰਘ ਗਨੈਸਕ*

# ज़िंदगी की बारीकियाँ

## प्रश्न उत्तर

*श्रृंखला जोड़ने के लिए पिछला अंक देखें–*

प्यारे पाठको, कई बार आध्यात्मिक रूप में संगतें अपने मन के विचार या परमार्थ पर चलने के लिए महत्वपूर्ण प्रश्न भाई साहिब भाई गुरइकबाल सिंघ जी से व्यक्त करती रहती हैं। गुरु साहिब जी की कृपा से इन प्रश्न-उत्तरों को पिछले काफी समय से श्रृंखलाबद्ध ढंग से सिफति सालाह में प्रकाशित कर रहे हैं, क्योंकि लगभग प्रत्येक जिज्ञासु को इनका सामना करना पड़ता है। क्या मालूम किसी को अपना उत्तर इसमें से प्राप्त हो जाए और ज़िंदगी की बारीकियां निकल जाएं। पिछले अंकों में 464 प्रश्न-उत्तर दिए गए थे। गुरु साहिब जी की कृपा से श्रृंखला आगे बढ़ा रहे हैं। हम धन्यवादी हैं समूह संगत के जिन्होंने उद्यम-प्रयास किया है।

–बीबी जतिंदर कौर
(ज्योति दारा बहन जी, अमरीका वाले)

**465 प्रश्नः** आदरणीय वीर जी, यदि कोई शरीर ना चाहने के बावजूद भी बार-बार कोई अवगुण कर रहा है या गलती कर रहा है जो गुरमति अनुसार स्वीकार नहीं, वह शरीर कौन-सी युक्ति इस्तेमाल करे, जिससे वह अवगुण या गलती उसके जीवन में से निकल जाए?

**उत्तरः** दास कई बार नोट करता है कि कई शरीरों की उम्र ही बीत जाती है पर अपने अवगुण की पहचान ही नहीं होती। अवगुण की पहचान होना बहुत बड़ी बात है और यह पहचान होती है, संगत में आकर। संगत में आकर मन शुद्ध हो जाता है तथा अच्छे बुरे की पहचान हो जाती है पर आपके किए प्रश्न के अनुसार अब प्रश्न यह पैदा होता है कि कई बार कोई शरीर कोई अवगुण कर रहा है, संगत में आने के कारण उसको अपने अवगुण की पहचान भी हो गई है पर वह अवगुण उस शरीर के अंदर इतना घर कर चुका होता है कि अवगुण की पहचान होने के बावजूद भी वह अवगुण उसके अंदर से नहीं जाता। अपनी और से वह अवगुण छोड़ना चाहता है पर अंदर इतनी विल पावर नहीं, अंदर उस अवगुण से लड़ने की इतनी समर्था नहीं कि वह अवगुण दुबारा न हो। इसलिए अच्छे रास्ते पर चलने के बावजूद वह अवगुण

जाने-अनजाने उससे होता रहता है।

कोई अवगुण नहीं छोड़ा जा रहा है तो पहली युक्ति है, महापुरुष वचन करते थे कि यदि कोई अवगुण न छोड़ा जाए तो श्री सुखमनी साहिब का एक पाठ यां अगर समय कम हो तो 1-2 पाठ श्री जपु जी साहिब के उस अवगुण के प्रति नेम बढ़ा कर गुरु साहिब के चरणों में अरदास करे, उस अवगुण को छुड़वाने की डयूटी गुरु साहिब की लग जाती है।

*सिख की गुरु दुरमति मलु हिरै ॥*
*गुर बचनी हरि नामु उचरै ॥*
(अंग २८६)

बाबा ईशर सिंघ जी नानकसर कलेरां वाले महापुरुषों के पास एक शरीर दर्शन के लिए आया। बाबा जी ने स्वाभाविक ही उस शरीर को पूछ लिया, भाई कोई बुरी चीज तो इस्तेमाल नहीं करता। वह शरीर कहने लगा, बाबा जी! कभी-कभी शराब पी लेता हूँ। बाबा जी कहने लगे, बड़ा मर्द है, अपना अवगुण स्वयं बता रहा है। फिर बाबा जी कहने लगे, भाई न पीया कर। वह कहने लगा, बाबा जी, मैं छोड़ना तो चाहता हूँ पर यह चीज मुझ से छोड़ी नहीं जा रही। बाबा जी को इस बात की बहुत खुशी हुई कि इसने सच बोला है। बाबा जी कहने लगे, फिर एक काम कर गुरबाणी का आसरा लेना शुरु कर। रोज एक पाठ श्री सुखमनी साहिब जी की हाज़री लगा कर हफते बाद किसी भी गुरुद्वारा साहिब में जाकर देग लेकर गले में हजूरीआ डाल कर धन्य धन्य श्री गुरु ग्रंथ साहिब जी के चरणों में अरदास करनी है, "गुरु साहिब जी, मुझ से ना चाहते हुए भी यह अवगुण हो जाता है। मेरे वश में नहीं। आप जी की गुरबाणी का उट आसरा ले रहा हूँ, कृपा करो इस अवगुण से छुटकारा दिलाओ।" कहने लगा, यह वचन मान लूँगा। बाबा जी कहने लगे, तेरा अवगुण किस ढंग से छुड़वाना है, अब यह डयूटी गुरु साहिब की लग जाएगी क्योंकि गुरबाणी में श्री गुरु अर्जुन देव जी फरमाण करते है:

*सिख की गुरु दुरमति मलु हिरै ॥*
*गुर बचनी हरि नामु उचरै ॥*
(अंग २८६)

कोई अवगुण किसी से छोड़ा नहीं जा रहा हो, उसके वश में नहीं तो वह श्री सुखमनी साहिब जी का एक पाठ यां 1-2 पाठ श्री जपु जी साहिब के पाठ अपने नेम से अधिक हाज़री लगाए और प्यार सहित अरदास विनतियाँ सतिगुरु जी के आगे करे तो उस अवगुण को उस शरीर के अंदर से निकालने की डयूटी फिर गुरु साहिब की लग जाती है।

दूसरी युक्ति, यदि कोई अवगुण नहीं छोड़ा जा रहा तो थोड़े-थोड़े दिनों का अपने ऊपर बैन लगा लो कि इतने दिन यह बुरा काम मैंने नहीं करना। थोड़े-थोड़े दिनों के उस अवगुण को छोड़ने के प्रति लगाए बैन जीवन बदल देते हैं।

दास के सामने एक जिक्र आ गया काफी साल पहले की बात है। एक ट्रेन के टी.टी. ने अपनी आप बीती लिखी। एक मैगज़ीन में दास ने उसको पढ़ा था। उस टी.टी. ने लिखा कि एक दिन मैं ट्रेन में टिकटें चैक कर रहा था और उस ट्रेन में हिन्दू धर्म के एक महापुरुष

बैठे थे- संत लीला शाह जी। चहरे पर बहुत नूर था। 10-12 सेवक भी साथ। टी.टी. लिखता है कि मैंने टिकटें चैक की और सेवकों को पूछा कि यह कौन है तो उन्होंने कहा कि संत लीला शाह जी। टी.टी. ने कहा कि मैंने भी हाथ जोड़कर महापुरुषो को विनती की कि महापुरुषो! मुझे भी आशीष दीजिए और टी. टी. अपनी आप बीती में लिखता है कि जब मैंने यह बात कही तो उसने लिखा कि महापुरुष चुप। उसने कहा कि जब मैंने दूसरी बार कहा कि मुझे भी आशीष दीजिए, आशीर्वाद दीजिए। महापुरुष फिर चुप। उसने लिखा कि जब मैंने तीसरी बार कहा तो महापुरुष कहने लगे कि आशीष फ्री में नहीं मिलती, भेटा लगती है। कहो सतिनाम श्री वाहिगुरु। आशीर्वाद लेना है जिसके पाँच स्थान में अम्रित आया हो। यह भी बंदगी की एक स्टेज है। बंदगी करते हाथों में अम्रित आ जाता है, नेतरों में, रसना में, हिरदे में और पैरों में। इस अवस्था के वह मालक होंगे। वह टी.टी. लिखता है कि महापुरुष कहने लगे कि भेटा लगती है। उसने सोचा कि यही 21/- रुपए, 51/- रुपए कहेंगे क्योंकि आजकल नकलीयों की बहुत लाईन लगी हुई है। बाबा नंद सिंघ जी कहते थे कि जो महापुरुष, संत माया से जुड़ा है, वह कोड़ी का नहीं और जिस ग्रहस्थी के पास माया नहीं, वह भी कोड़ी का नहीं। संत महापुरुष माया में विचरता है मगर अंदर से पकड़ नहीं रखता। वह टी.टी. कहने लगा कि भेटा क्या तो संत लीला शाह जी कहने लगे कि आशीर्वाद लेना है, आना तो चाहे प्रभु के घर में से है मगर हमारे साथ वचन कर, आज से हमेशा के लिए क्रोध छोड़ा। कहो सतिनाम श्री वाहिगुरु। वह टी.टी. हकीकत लिखता है कि मैंने हाथ खड़े किए और कहा कि महापुरुषो! आशीष देनी है दीजिए, नहीं देनी मत दीजिए पर मेरे लिए क्रोध को छोड़ना बहुत मुश्किल है। वह कहने लगा कि मैं क्रोध नहीं छोड़ सकता। टी.टी. हकीकत लिखता है कि महापुरुष कहने लगे कि मुश्किल है छोड़ना तो मैंने कहा कि मैं नहीं छोड़ सकता। जो पूर्ण महापुरुष होता है, जब यह देखता है कि सोदे की विक्री नहीं हो रही तो भेटा कम भी कर देतें हैं। तोरना है न जगत को। संत लीला शाह जी कहने लगे, पुरुखा! एक बात और। रियायत कर देते हैं। हमारे साथ वचन कर, एक हफते के लिए यह अवगुण छोड़ा। यह बात अंदर पड़ जाए कि हम अवगुण को कैसे छोड़ सकते हैं तो यह जिक्र लिया है, और इसका कोई मतलब नहीं। टी.टी. लिखता है कि जब संत जी ने इतने वचन कहे कि हफते के लिए छोड़ दे तो मेरे मन ने अपने आप अवाज़ दे दी तो कहने लगा कि हाँ, महापुरुषो यह मान सकता हूँ। वह लिखता है कि जब मैंने यह कहा कि सात दिनों के लिए यह अवगुण छोड़ा तो महापुरुषो ने आशीर्वाद भी दिया, प्यार भी दिया, सिर पर हाथ भी रखा। उसने लिखा कि अगला स्टेशन आया, महापुरुष उतर गए। मैं अपने घर, वह अपने स्थान पर। उसने लिखा कि तीसरा दिन था। जरा ध्यान देना। तीसरा दिन था और मैं ट्रेन में टिकटें चैक कर रहा था तो रात के पोने दस बजे थे। उसने लिखा कि ऊपर वाली सीट पर सवारी सोयी हुई थी और टिकटें चैक

करते-करते जैसे उसके पास पहुँचा तो मैंने उसे हिला कर कहा कि टिकट भाई। उसने लिखा कि जब मैंने उसे हिला कर पूछा भाई टिकट तो वह सवारी उठकर बैठ गई और टी.टी. ने रसाले में वचन लिखे कि वह सवारी कहने लगी कि जब दिल करता है मुँह उठा कर आ जाते हो। सवारी कहने लगी कि मैं कितना थका हुआ था, मुझे पता नहीं कैसे नींद आई। आपने मेरी नींद खराब कर दी है। टी.टी. मन में सोचने लगा कि मैं टिकट चैकर और मैं जब मर्जी आ कर टिकट चैक करूँ और तूंने इतना कुछ सवारीयों के सामने बोल दिया है। जब उसने इतनी बात कही तो टी.टी. ने सोचा कि इधर से गुस्सा क्रोध शुरु होने लगा। लिखता है कि जब मुझे भी गुस्सा आने लगा तो साथ ही याद आ गया कि आज तीसरा दिन है। मैंने तो वचन किया है कि सात दिन क्रोध नहीं करना, किसी के साथ गुस्से से नहीं बोलना। टी.टी. लिखता है कि मैं पता नहीं गुस्सा कैसे पी गया और सवारी को हाथ जोड़ कर कहा कि माफ करना, मैंने आपकी नींद खराब कर दी है। मुझे आप ही बता दो कि मैं किस वक्त आ कर आपकी टिकटें चैक करूँ। टी.टी. लिखता है कि जब मैंने यह बात कही तो वह सवारी छाल मार कर निचे आ गई और कहने लगी टी.टी. साब नींद में गलत लफज बोल कर मैंने आपका दिल दुखाया है और आपने टी.टी. होते हुए भी यही कहा है कि मैं किस वक्त आ कर टिकट चैक करूँ। इसलिए मुझे माफ करना। टी.टी. लिखता है कि मैंने टिकट चैक की। अगले डब्बे में गया और जब वापस आया तो वह सवारी रोटी का डब्बा खोल कर बैठी थी और उसने बाजू पकड़ कर मुझे अपने पास बिठा लिया और कहने लगा Sorry कि आज मैंने गलत लफज बोलकर आपका दिल दुखाया है और आपने टी.टी. होते हुए भी यही कहा कि मैं कब आ कर टिकट चैक करूँ। वह सवारी कहने लगी मुझे माफ कर दीजिए, टी.टी. कहता कोई बात नहीं। वह सवारी कहने लगी मैं तब मानूंगा कि आप ने मुझ को माफ कर दिया है जब आप मेरे साथ बैठ कर खाना खाओगे। आज हमने इक्टठे बैठ कर रोटी खानी है। टी.टी. लिखता है कि जब हम रोटी खा रहे थे तो मैंने सोचा कि एक छोटे से कंट्रोल ने हमारा कितना प्यार बना दिया। रसना की इंद्री पर छोटा सा कट्रोल किया तो इक्टठे बैठकर रोटी खा रहे हैं और अगर रसना की इंद्री पर कंट्रोल ना किया होता तो कितना अलगपन होना था। यह चीज़ अपने पर लेना अगर हमेशा के लिए क्रोध न छोड़ सको तो थोड़े-थोड़े दिनों के लिए बैन लगा कर छोड़ देना। थोड़े-थोड़े बैन लगाकर जिंदगी को तोरना मगर तोरना जरुर।

तीसरी युक्ति- महांपुरुष समझाते थे कि यदि कोई अवगुण नहीं छोड़ा जा रहा है तो घर पर एक डायरी लगा लो। रात को सोने से पहले जितनी बार भी वह अवगुण हुआ है, वह डायरी पर नोट किया करो। एक दिन आ जाएगा, आपके मन में स्वयं यह ख्याल आ जाएगा कि हर रोज़ कई बार यह अवगुण किया जा रहा यह अवगुण रोज़ाना बढ़े ना, बल्कि कम हो।

इतिहास में एक साखी आती है। श्री गुरु अर्जुन देव जी के पास दो चौधरी दर्शन करने

आए और हर अमावस पर दर्शन करने आते थे, इनका नाम इतिहास में आता है भाई चूड़ और पूरीआ जी। एक दिन श्री गुरु अर्जुन देव जी महाराज ने इन दोनों सिक्खों को पूछा कि आप काम क्या करते हो और यह कहते महाराज जी हम गाँव के चौधरी हैं। महाराज जी कहने लगे किसी से झूठ तो नहीं बोलते आगे से कहने लगे कि झूठ ना बोलें तो हमारा गुजारा ही नहीं। महाराज जी कहने लगे:

*कूड़ु बोलि मुरदारु खाइ ॥*

(अंग १३९)

एक झूठ बोलने के पीछे एक मुर्दा खाना पड़ता है।

*कूड़ु बोलि मुरदारु खाइ ॥*

(अंग १३९)

क्या जरुरत है? इसका त्याग करो। यह पता है झूठ कितना गलत है। महाराज जी कहने लगे, झूठ मत बोला करो। यह दोनों पाँच मिन्ट सोच कर कहने लगे, महाराज जी झूठ बोलना छोड़ना बहुत कठिन है। छोड़ा नहीं जाना। इसका त्याग नहीं होना। श्री गुरु अर्जुन देव जी कहते, अगर झूठ का त्याग नहीं कर सकते तो एक काम कर लो। जी, वह क्या? कहने लगे, एक कॉपी पर लिख लिया करो। आज कितने झूठ बोले हैं। अगली अमावस को आओगे तो कॉपी साथ लेकर आना कि रोज कितने झूठ बोले हैं। महाराज जी ने यह विधी दे दी। जब अपने नगर चले गए। गुरु साहिब जी ने कहा था कि लिखना है कि दिन में कितनी बार झूठ बोला है। जब सारा दिन बीत गया, सारा सोचा कि आज कितने झूठ बोले हैं और लिखा कि आज इस तारीक को 17 झूठ बोले हैं। विधी दे दी महाराज जी ने कि अवगुण की पहचान तो हो जाए। अब दोनों चौधरी सोचते हैं, है सिक्ख थे, गाँव के चौधरी थे और अपने मन को कहने लगे, हे मेरे मना कल क्यों न हो यह झूठ 19 न हो, 15 ही हो। अगले दिन ध्यान रखा तो 15 हो गए फिर अगले दिन सोचते हैं कि 15 के 16 ना हो, 13-14 ही हो। ध्यान रखा तो 13 हो गए। अगली अमावस को जब आए श्री गुरु अर्जुन देव जी के चरणों में माथा टेका और महाराज जी कहने लगे, कॉपी लेकर आए हो जिस पर लिखा है। कॉपी दिखाई तो जब कॉपी पढ़ी कि इतनी तारीक को 17, इतनी तारीक को 15, इतनी तारीक को 13 अब आगे जाकर तारीक पड़ी है आगे फिर खाली लकीर। आगे फिर खाली लकीर। महाराज जी कहते, क्या बात आगे लिखा नहीं, कहने लगे महाराज जी, आप जी ने जो विधी दे दी थी। जिस दिन 17 बार झूठ बोला फिर लिखा और शर्म बहुत आई। सतिगुरु जी आप जी की कृपा हो गई। अगले दिन ध्यान रखा तो 15 हो गए। अगले दिन फिर ध्यान रखा और सतिगुरु जी आप जी की कृपा हो गई कुछ दिनों के बाद जहाँ खाली लकीर पड़ी हुई है, उस दिन एक बार भी झूठ नहीं बोला।

*सचु ता परु जाणीऐ जा जुगति जाणै जीउ ॥*

(अंग ४६८)

यह ठीक है कि कोई अवगुण जीवन में से बहुत कोशिशें करने के बावजूद भी नहीं निकलता पर यदि युक्ति हो तो वह अवगुण भी जीवन में से निकल जाता है तथा की हुई कमाई भी सम्भली रहती है।

400 साल को समर्पित

# गुरु मानिओ ग्रंथ

परम सत्कारयोग्य भाई साहिब भाई गुरइकबाल सिंह जी के द्वारा दिए गए प्रोग्राम का अनुवाद

–जसविन्द्र सिंघ
(पटियाला)

